

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 30

November 7, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਯੂਬਾ ਸਿਟੀ 'ਚ 39ਵਾਂ ਨਗਰ ਕੀਰਤਨ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ



ਗੁਰਦੁਆਰਾ ਸਾਹਿਬ ਟਾਇਰਾ ਬਿਊਨਾ, ਯੂਬਾ ਸਿਟੀ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ 39ਵੇਂ ਵਿਸ਼ਾਲ ਨਗਰ ਕੀਰਤਨ ਦਰਮਿਆਨ ਗੁਰੂ ਪਿਆਰੀ ਸਾਧ ਸੰਗਤ ਜੀ ਵੱਲੋਂ ਲਗਾਤਾਰ ਭਰੀਆਂ ਹਾਜ਼ਰੀਆਂ ਅਤੇ ਸੇਵਾਦਾਰਾਂ ਵੱਲੋਂ ਸੇਵਾ, ਦਾਨੀ ਪੁਰਸ਼ਾਂ/ਪਰਿਵਾਰਾਂ, ਸੰਸਥਾਵਾਂ ਵੱਲੋਂ ਆਪਣੀ ਸਮਰੱਥਾ ਅਨੁਸਾਰ ਨਿਭਾਈਆਂ ਸੇਵਾਵਾਂ ਲਈ, ਕੋਟਿਨ -ਕੋਟਿ ਧੰਨਵਾਦ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਭਰਵੇਂ ਹੁੰਗਾਰੇ ਦੀ ਆਸ ਰੱਖਦੇ ਹੋਏ ਧੰਨਵਾਦੀ ਹਾਂ।


**(ਸਬੰਧਤ ਰਿਪੋਰਟ ਦੇਖੋ ਸਫਾ 10 'ਤੇ ਅਤੇ ਤਸਵੀਰਾਂ ਦੇਖੋ ਸਫਾ 11-12 'ਤੇ)**




ਡਾ. ਜਸਵੰਤ ਰਾਏ ਦੀ ਪੁਸਤਕ "ਬਾਬੂ ਮੰਗੂ ਰਾਮ ਮੁਗੋਵਾਲੀਆ-ਗਦਰੀ ਯੋਧੇ ਤੇ ਆਦਿ ਧਰਮ ਦੇ ਬਾਨੀ" ਲੋਕ-ਅਰਪਣ। ਇਸ ਮੌਕੇ ਲੇਖਕ ਅਦਾਰਾ 'ਦੇਸ਼ ਦੁਆਬਾ' ਦੇ ਸੰਪਾਦਕ ਸ੍ਰੀ ਤਰਸੇਮ ਜਲੰਧਰੀ ਨੂੰ ਕਿਤਾਬ ਭੇਂਟ ਕਰਦੇ ਹੋਏ। **(ਰਿਪੋਰਟ ਦੇਖੋ ਸਫਾ 15 'ਤੇ)**




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney.

msandhu2014@gmail.com

(209-373-3562)

3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D ™

MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com

P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539



Don't wait until it's too late. Come give your car a break at Brake Time

Brake Time Auto Repair

6315 Watt Ave. Unit 115
North Highlands, CA. 95660

* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K

J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only

ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ



BERKSHIRE HATHAWAY
Home Services

ELITE REAL ESTATE


* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram
Realtor CalBRE# 01969522

Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828

# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 18 ਨਵੰਬਰ ਨੂੰ



ਭਗਵਾਨ ਵਾਲਮੀਕ



ਭਗਵਾਨ ਵਾਲਮੀਕ ਤੀਰਥ ਅਸਥਾਨ ਅੰਮ੍ਰਿਤਸਰ (ਪੰਜਾਬ)

ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ।

ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

**November 18, 2018**

**Time: 9:00AM to 5:00PM**

**Dan Foley Cultural Center, 1499 N. Camino Alto, Vallejo, CA-94590 Phone: (707) 648-4630**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Sodhi Nahar (707) 704-5216
Gurpal Singh (916) 873-0311
Shiv Sidhu (707) 656-1205
Bhupinder Bhinda (916) 613-3311
Dr. Gurjit Singh (925) 321-0117
Balbir Thapar (916) 607-4650

**ਜਾਰੀ ਕਰਤਾ**

**ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ**

# ਅਮਰੀਕੀ ਚੋਣਾਂ ਵਿਚ ਰਿਪਬਲਿਕਨ ਨੂੰ ਝਟਕਾ, ਡੈਮੋਕ੍ਰੇਟਾਂ ਨੂੰ ਮਿਲਿਆ ਫਾਇਦਾ






**ਵਾਸ਼ਿੰਗਟਨ–** ਹਾਲ ਹੀ ਵਿਚ ਹੋਈਆਂ ਅਮਰੀਕੀ ਕਾਂਗਰਸ ਦੀਆਂ ਚੋਣਾਂ ਦਰਮਿਆਨ ਰਾਸ਼ਟਰਪਤੀ ਟਰੰਪ ਦੀ ਵਿਰੋਧੀ ਪਾਰਟੀ ਡੈਮੋਕ੍ਰੇਟਾਂ ਨੂੰ ਕਾਫੀ ਫਾਇਦਾ ਹੋਇਆ ਹੈ, ਜਦਕਿ ਰਾਸ਼ਟਰਪਤੀ ਟਰੰਪ ਦੀ ਪਾਰਟੀ ਨੂੰ ਕੁਝ ਨੁਕਸਾਨ ਉਠਾਉਣਾ ਪਿਆ ਹੈ। ਖਬਰ ਲਿਖੇ ਜਾਣ ਤੱਕ ਕਾਂਗਰਸ ਦੀਆਂ ਸਾਰੀਆਂ 435 ਸੀਟਾਂ ਅਤੇ ਸੈਨੇਟ ਦੀਆਂ 100 ਵਿਚੋਂ 38 ਸੀਟਾਂ ਤੇ ਡੈਮੋਕ੍ਰੇਟ ਅੱਗੇ ਚੱਲ ਰਹੇ ਸਨ, ਜਦਕਿ 50 ਸੂਬਿਆਂ ਵਿਚੋਂ 36 ਰਾਜੈ ਦੇ ਗਵਰਨਰਾਂ ਦੀਆਂ ਚੋਣਾਂ ਵਿਚ ਵੀ ਡੈਮੋਕ੍ਰੇਟਾਂ ਨੂੰ ਕੁਝ ਫਾਇਦਾ ਨਜ਼ਰ ਆ ਰਿਹਾ ਸੀ ਇਹ ਚੋਣਾਂ ਰਾਸ਼ਟਰਪਤੀ ਟਰੰਪ ਦੇ ਲਈ ਇਕ ਕਿਸਮ ਦਾ ਮੱਧਕਾਲੀ ਚੋਣਾਂ ਤੋਂ ਪਹਿਲਾਂ ਟ੍ਰਾਇਲ ਮੰਨਿਆ ਜਾ ਰਿਹਾ ਸੀ। ਇਹਨਾਂ ਚੋਣਾਂ ਦੀ ਇਕ ਹੋਰ ਖਾਸੀਅਤ ਇਹ ਕਿ ਇਸ ਵਾਰ ਰਿਕਾਰਡ ਤੋੜ ਔਰਤਾਂ ਚੋਣ ਜਿੱਤ ਕੇ ਆ ਰਹੀਆਂ ਹਨ। ਹਾਊਸ ਆਫ ਰੀਪ੍ਰਜੈਂਟੇਟਿਵ ਵਿਚ ਕਰੀਬ 89 ਔਰਤਾਂ ਚੁਣੀਆਂ ਗਈਆਂ। ਜਦਕਿ ਹੁਣ ਤੱਕ ਦਾ ਰਿਕਾਰਡ 84 ਔਰਤਾਂ ਦਾ ਰਿਹਾ ਹੈ। ਹਾਲੇ ਕਾਫੀ ਸੀਟਾਂ ਦੇ ਨਤੀਜੇ ਆਉਣੇ ਬਾਕੀ ਸਨ। ਇਹਨਾਂ ਵਿਚ ਦੋ ਮੁਸਲਿਮ ਔਰਤਾਂ ਵੀ ਜਿੱਤ ਕੇ ਆਈਆਂ ਹਨ। ਇਹ ਹਨ ਡੈਮੋਕ੍ਰੇਅਿਕ ਪਾਰਟੀ ਦੀ ਇਲਾਨ ਉਮਰ ਅਤੇ ਰਾਸ਼ਿਦਾ ਤਾਲਿਬ।

ਡੈਮੋਕ੍ਰੇਟਿਕ ਪਾਰਟੀ ਦਾ ਕਹਿਣਾ ਹੈ ਕਿ ਹਾਊਸ ਵਿਚ ਜੇਕਰ ਉਹਨਾਂ ਨੂੰ ਬਹੁਮਤ ਮਿਲਦਾ ਹੈ ਤਾਂ ਉਹ ਰਾਸ਼ਟਰ-ਪਤੀ ਟਰੰਪ ਦੀਆਂ ਨੀਤੀਆਂ ਨੂੰ ਰੋਕਣ ਵਿਚ ਕਾਮਯਾਬ ਹੋਣਗੇ। ਇਸ ਪਾਰਟੀ ਦੀ ਅਲੈਕਜੈਂਡਰੀਆ ਓਕਾਸੀਓ ਕਾਰਟੇਜ ਸਿਰਫ 29 ਸਾਲ ਦੀ ਔਰਤ ਹੈ, ਜੋ ਅਮਰੀਕੀ ਕਾਂਗਰਸ ਲਈ ਚੁਣੀ ਗਈ ਹੈ। ਉਹ ਸਭ ਤੋਂ ਛੋਟੀ ਉਮਰ ਦੀ ਮੈਂਬਰ ਹੋਵੇਗੀ।


## SRI GURU RAVIDASS SABHA PITTSBURG (CA)

**2150 CRESTVIEW DRIVE, Pittsburg CA 94565 Tel: (925) 439-2355**

### Programs at Sri Guru Ravidass Temple Pittsburg in November/December 2018

Bhai Malkit Singh Damria and Bibi Sarbrinder K Damria hosted Sri Sukhmani Sahib Path and Langar Sewa on last Sunday at Sri Guru Ravidass Temple Pittsburg to thank WAHEGURU for his better health. May Waheguru bless Bhai Malkit Singh with great health and keep Damria family in Chardi Kala.

**November 7, 2018 (Wednesday) - Diwali Celebrations**

Diwali will be celebrated in Gurughar on Wednesday. Sukhmani Sahib Path and Langar Sewa will be hosted by Bhai Ramesh Suman and Bibi Gyan Suman at 6:00 PM. After, Sukhmani Sahib Path and Kirtan; Parsad, sweets and GURU KA LANGAR will be served. Please bring a candle to light that day.

**November 11, 2018**

Sukhmani Sahib Path and Langar Sewa byBhaiLashkari Ram Suman and Bibi Piari Suman Sri Sukhmani Sahib Path and Langar Sewa will be hosted by Bhai Lashkari Ram Suman and Bibi Piari Devi for the Barsi of Father late Chanu Ram Suman. May Waheguru keep family in ChardiKala.

**November 18, 2018**

Sukhmani Sahib Path and Langar Sewa by Bhai Bachan Lal and Pinki Rai

Sri Sukhmani Sahib Path and Langar Sewa will be hosted by Bhai Bachan Lal, Bibi Pinki Rai for the 1st Birthday of their Daughter Prisha Rajput and for good health of Son Kevin Rajput. May Waheguru keep family in Chardikala.

**Satguru Nanak Pargateya - MitiDund Jag Chanan Hoya**

**Sri Guru Nanak Dev Ji's "Parkash Utsav" is celebrated at our Gurughar on November 25, 2018.**

Akhand path will start on Friday 11/23/2018, at 10:00 AM and will be concluded with Bhog ceremony on Sunday morning 11/25/2018. Path and Langar Sewa will be hosted by Bhai Varinder Kumar Sudhir. Giani Jathas and Kirtankars will adorn the occasion with his gifted talents in Shabad Kirtan.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of GURU GRANTH SAHIB, are an embodiment of truthfulness and godliness which illuminated the millions of ignorant souls. HIS simple message of "UNIVERSAL BROTHERHOOD" EQUALITY and Love of Mankind formed the basic principles of Sikh Religion. The best tribute we can pay to Guru Nanak Dev Ji is to adopt his noble teachings as a way of our lives. The entire Sangat is humbly requested to participate in this "Gurupurb" and do the SEWA with TAN, MAN and DHAN.

**December 2, 2018**

**Sri Sukhmani Sahib Path and Langar Sewa by Gurdyal Singh Rattu & Raj Rani Rattu**

Sri Sukhmani Sahib Path and Langar Sewa will be hosted by Gurdyal Singh Rattu and Raj Rani Rattu in celebration of their Son (Grandson of Bhai Gurnam Singh Rattu and Bibi Satyamati Rattu) Sahib Singh's 5th Birthday. May Waheguru bless Sahib Singh Rattu with happy healthy and long life.

**December 9, 2018**

**Sri Sukhmani Sahib Path and Langar Sewa by Bhai Satnam Singh**

Sri Sukhmani Sahib Path and Langar Sewa will be hosted by Bhai Satnam Singh, Son Amandeep Singh & Bibi Prianka Sidhu for Sukh Shanti and Chardi Kala of their Family. May Waheguru keep family in ChardiKala.

**December 16, 2018 Shaheedi Divas of Guru Tegh Bahadur Ji**

Guru TeghBahadar, the ninth Sikh Guru undertook the supreme sacrifice for the protection of the most fundamental of human rights - the right of a person to freely practice his or her religion without interference or hindrance. Sri Sukhmani Sahib Path and Langar Sewa will be hosted by Sangat.

**December 23, 2018 Shaheedi Divas of Guru Gobind Singh Ji's Sahibzadey**

Sukhmani Sahib Path and Langar will be hosted by Gurughar on the occasion of Barsi of Shri Guru Gobind Singh Ji's four Sahibzadey: Baba Ajit Singh, Baba Jujhar Singh, Baba Zorawar Singh and Baba Fateh Singh. Guru Gobind Singh sacrificed his dear and brave sons, only to prove that when it comes to making sacrifices for the Sikh cause, he would not hesitate to offer his own sons to show the world that the Sikh ideals alone, and not his own sons, were dearer to him. Entire Sangat is humbly requested to participate and do the SEWA.

**December 30, 2018 Sukhmani Sahib Path and Langar Sewa by Gurughar*****

**December 31, 2018**

**Rain Sabai New Year's celebrations**

We are celebrating New Year's Eve at Gurughar in welcoming the 2019. Sukhmani Sahib Path and Langar Sewa will be hosted by Sangat. Let us start the New Year with a prayer for love, happiness and prosperity of our Sangat. Jathas of Giani Gurnam Singh/Ompal Singh will do the Shabad Kirtan. The entire Sangat is requested to participate whole heartedly.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | 925-366-3618 | 408-460-0262 | 209-834-4641 | 408-718-2506 |

# ਬੇਕਰਸਫੀਲਡ ਨਿਵਾਸੀ ਸ਼ਮਿੰਦਰ ਪਾਲ ਸਿੰਘ ਨੂੰ ਪਿਤਾ ਦੇ ਅਕਾਲ ਚਲਾਣੇ ਤੇ ਸਦਮਾ!



**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਬੇਕਰਸਫੀਲਡ ਨਿਵਾਸੀ ਉੱਘੇ ਸਮਾਜ ਸੇਵੀ ਸ਼ਮਿੰਦਰ ਪਾਲ ਸਿੰਘ ਨੂੰ ਉਸ ਸਮੇਂ ਭਾਰੀ ਸਦਮਾਂ ਲੱਗਾ ਜਦੋਂ ਮਿਤੀ 1 ਨਵੰਬਰ 2018 ਦਿਨ ਵੀਰਵਾਰ ਸ਼ਾਮ ਨੂੰ ਉਹਨਾਂ ਦੇ ਸਤਿਕਾਰ ਯੋਗ ਪਿਤਾ ਸ. ਬਲਬੀਰ ਸਿੰਘ ਸੈਕਟਰੀ ਵਾਹਿਗੁਰੂ ਵੱਲੋਂ ਬਖ਼ਸ਼ੀ ਹੋਈ 92 ਸਾਲ ਦੀ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਸਦੀਵੀ ਵਿਛੋੜਾ ਦੇ ਗਏ ਹਨ। ਉਹ ਜੁਲਾਈ 2007 ਤੋਂ ਬੇਕਰਸਫੀਲਡ ਵਿਖੇ ਰਹਿ ਰਹੇ ਸੀ, ਉਹਨਾਂ ਦਾ ਪਿਛਲਾ ਪਿੰਡ ਗੁੰਮਟੀ ਖ਼ੁਰਦ ( ਸੇਵੇਵਾਲਾ) ਜਿਲਾ ਫਰੀਦਕੋਟ ਵਿੱਚ ਹੈ। ਉਹਨਾਂ ਦਾ ਅੰਤਿਮ ਸੰਸਕਾਰ ਮਿਤੀ 12 ਨਵੰਬਰ 2018 ਦਿਨ ਸੋਮਵਾਰ ਗਰੀਨ ਲਾਅਨ ਸਾਉਥ ਵੈਸਟ ਫਿਊਨਰਲ ਹੋਮ ਵਿਖੇ ਸਵਰੇਓ 10.00-12.00 ਵਜੇ ਦਰਮਿਆਨ ਹੋਵੇਗਾ, ਫਿਊਨਰਲ ਹੋਮ ਦਾ ਪਤਾ Green lawn- south west. 2739 Panama Ln. Bakersfield CA 93313. ਉਪਰੰਤ ਦਸ਼ਮੇਸ ਦਰਬਾਰ ਗੁਰੂ-ਘਰ ਬੇਕਰਸਫੀਲਡ ਵਿਖੇ ਭੋਗ ਪਾਇਆ ਜਾਵੇਗਾ। ਦੁੱਖ ਸਾਂਝਾ ਕਰਨ ਲਈ ਸ਼ਮਿੰਦਰ ਪਾਲ ਸਿੰਘ 661-380-0184 ਜਾਂ ਰੁਪਿੰਦਰ ਪਾਲ ਸਿੰਘ 661-221-1448 ਨਾਲ ਸੰਪਰਕ ਕਰ ਸਕਦੇ ਹੋ।

# ਅਮਰੀਕਾ ਨੇ ਇਰਾਨ 'ਤੇ ਸਖ਼ਤ ਪਾਬੰਦੀਆਂ ਲਾਈਆਂ

**ਵਾਸ਼ਿੰਗਟਨ–** ਅਮਰੀਕਾ ਨੇ ਇਰਾਨ ਖ਼ਿਲਾਫ਼ ਹੁਣ ਤਕ ਦੀਆਂ ਸਭ ਤੋਂ ਸਖਤ ਪਾਬੰਦੀਆਂ ਲਾਗੂ ਕੀਤੀਆਂ ਹਨ। ਉਧਰ ਟਰੰਪ ਪ੍ਰਸ਼ਾਸਨ ਨੇ ਭਾਰਤ ਅਤੇ ਚੀਨ ਵੱਲੋਂ ਤਹਿਰਾਨ ਤੋਂ ਤੇਲ ਦੀ ਖ਼ਰੀਦਦਾਰੀ ਨੂੰ ਹਰੀ ਝੰਡੀ ਦੇ ਦਿਤੀ ਹੈ। ਅਮਰੀਕਾ ਨੇ ਇਰਾਨ ਦੇ ਬੈਂਕਿੰਗ ਅਤੇ ਊਰਜਾ ਖੇਤਰਾਂ 'ਤੇ ਪਾਬੰਦੀਆਂ ਆਇਦ ਕੀਤੀਆਂ ਹਨ। ਯੂਰੋਪ ਅਤੇ ਏਸ਼ੀਆ ਦੇ ਜਿਹੜੇ ਮੁਲਕ ਅਤੇ ਕੰਪਨੀਆਂ ਇਰਾਨ ਤੋਂ ਤੇਲ ਦੀ ਦਰਾਮਦ ਨਹੀ ਰੋਕਣਗੇ, ਉਨ੍ਹਾਂ 'ਤੇ ਜੁਰਮਾਨਾ ਠੋਕਿਆ ਜਾਵੇਗਾ। ਪਾਬੰਦੀਆਂ ਲਾਗੂ ਹੋਣ ਮਗਰੋਂ ਸਵਿਫਟ ਬੈਂਕਿੰਗ ਨੈੱਟਵਰਕ ਨੇ ਇਰਾਨ ਦੇ ਕਈ ਬੈਂਕਾਂ ਨੂੰ ਆ-ਪਣੀਆਂ ਸੇਵਾਵਾਂ ਦੇਣੀਆਂ ਬੰਦ ਕਰ ਦਿੱਤੀਆਂ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨਾਲ ਹੋਏ 2015 ਦੇ ਪਰਮਾਣੂ ਸਮਝੌਤੇ ਨੂੰ ਮਈ 'ਚ ਰੱਦ ਕਰ ਦਿੱਤਾ ਸੀ।

# ਇੱਕ ਹੋਰ ਪੰਜਾਬੀ ਡਰਾਈਵਰ ਅਮਰੀਕਾ ਅੰਦਰ ਨਸ਼ਾ ਤਸਕਰੀ ਦੇ ਕੇਸ ਵਿੱਚ ਇੰਡੀਆਨਾ ਪੁਲਿਸ ਨੇ ਦਬੋਚਿਆ

**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਅਮਰੀਕਾ ਦੀ ਇੰਡੀਆਨਾ ਸਟੇਟ ਪੁਲਿਸ ਨੇ ਬੇਕਰਸਫੀਲਡ (ਕੈਲੇਫੋਰਨੀਆ) ਨਿਵਾਸੀ 22 ਸਾਲਾ ਰਵਿੰਦਰ ਸਿੰਘ ਕਲੇਰ ਨੂੰ 5 ਮਿਲੀਅਨ ਡਾਲਰ ਮੁੱਲ ਦੇ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤਾ ਹੈ।



ਮਿਲੀ ਜਾਣਕਾਰੀ ਮੁਤਾਬਕ ਵੀਗੋ ਕਾਊਂਟੀ ਇੰਡੀਅਨਾ ਵਿਖੇ 22 ਸਾਲਾ ਰਵਿੰਦਰ ਸਿੰਘ ਕਲੇਰ ਨੂੰ ਮੰਗਲ਼ਵਾਰ ਸਵੇਰਿਓ ਇੰਡੀਆਨਾ ਪੁਲਿਸ ਵੱਲੋਂ ਰੋਕਿਆ ਗਿਆ। ਤਲਾਸ਼ੀ ਲੈਣ ਮਗਰੋਂ ਉਸਦੇ ਸੈਮੀਂ ਟਰੱਕ ਵਿੱਚੋਂ 220 ਪੌਂਡ ਕੋਕੀਨ ਅਤੇ 65 ਪੌਂਡ ਮਿੱਥ ਬਰਾਮਦ ਹੋਈ। ਪੁਲਿਸ ਦੇ ਦੱਸਣ ਮੁਤਾਬਕ ਸਵੇਰਿਓ ਸਾਢੇ ਦਸ ਵਜੇ ਦੇ ਕਰੀਬ ਇੰਡੀਆਨਾਂ ਪੁਲਿਸ ਟਰੂਪਰ ਨੇ ਇੱਕ ਮੀਲ ਮਾਰਕਰ ਦੇ ਲਾਗੇ ਈਸਟਬੌਡ ਸਕੇਲ ਤੇ ਟਰੱਕ ਰੋਕਿਆ 'ਤਾਂ ਤਲਾਸ਼ੀ ਲੈਣ ਮਗਰੋਂ 22-ਸਾਲਾ ਟਰੱਕ ਡਰਾਈਵਰ ਰਵਿੰਦਰ ਕਲੇਰ ਜੋ ਕਿ ਬੇਕਰਸਫੀਲਡ ਨਿ-ਵਾਸੀ ਹੈ, ਪਾਸੋਂ 5 ਮਿਲੀਅਨ ਡਾਲਰ ਦੀ ਕੀਮਤ ਦੀ ਕੋਕੀਨ ਅਤੇ ਮਿੱਥ ਬਰਾਮਦ ਕੀਤੀ ਗਈ। ਪੁਲਿਸ ਮੁਤਾਬਕ ਟਰੱਕ ਅਲੂਮੀਨਮ ਕਰੇਟਸ ਨਾਲ ਭਰਿਆ ਹੋਇਆ ਸੀ ਤੇ ਵਿੱਚ ਇਹ ਡਰੱਗ ਲਕੋਈ ਹੋਈ ਸੀ। ਰਵਿੰਦਰ ਮਾਲ ਲੈਕੇ ਕੈਲੇਫੋਰਨੀਆਂ ਤੋਂ ਓਹਾਇਓ ਸਟੇਟ ਨੂੰ ਜਾ ਰਿਹਾ ਸੀ। ਰਵਿੰਦਰ 'ਤੇ ਨਸ਼ੀਲੇ ਪਦਾਰਥ ਰੱਖਣ ਅਤੇ ਇਨ੍ਹਾਂ ਦੀ ਤਸਕਰੀ ਕਰਨ ਦੇ ਦੋਸ਼ ਲੱਗੇ ਹਨ ਅਤੇ ਉਹ ਇੰਡੀਆਨਾ ਸਟੇਟ ਦੀ ਜੇਲ੍ਹ ਵਿੱਚ ਬੰਦ ਹੈ। ਸੁਣਨ ਵਿੱਚ ਆਇਆ ਕਿ ਰਵਿੰਦਰ ਦਾ ਪਿਛਲਾ ਪਿੰਡ ਚੂੜਚੱਕ ਜ਼ਿਲ੍ਹਾ ਮੋਗਾ ਵਿੱਚ ਪੈਂਦਾ ਹੈ। ਪੁਲਸ ਵਲੋਂ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਐਸਰੋ ਕੈਨੇਡਾ ਦਾ ਪੋਸਟਰ ਕੈਨੇਡਾ ਦੇ ਡਿਫੈਂਸ ਮਨਿਸਟਰ ਸ. ਹਰਜੀਤ ਸਿੰਘ ਸੱਜਣ ਵਲੋਂ ਕੀਤਾ ਗਿਆ ਰੀਲੀਜ਼

**ਵੈਨਕੂਵਰ (ਹਰਨੇਕ ਸਿੰਘ ਵਿਰਦੀ)–** ਅੰਬੇਡਕਰ ਇੰਟਰਨੈਸ਼ਨਲ ਸ਼ੋਸ਼ਲ ਰੀਫੋਰਮ ਆਰਗੇਨਾਈਜੇਸ਼ਨ ਕੈਨੇਡਾ (ਐਸਰੋ) ਵਲੋਂ ਕੈਨੇਡਾ ਦੀ ਪਾਰਲੀਮੈਂਟ ਵਿਚ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 63ਵਾਂ ਪ੍ਰੀਨਿਰਵਾਣ ਦਿਵਸ 6 ਦਸੰਬਰ 2018 ਨੂੰ ਮਨਾਇਆ ਜਾ ਰਿਹਾ ਹੈ, ਜਿਸ ਦਾ ਪੋਸਟਰ ਅੱਜ ਕਨੇਡਾ ਦੇ ਡਿਫੈਂਸ ਮਨਿਸਟਰ ਮਾਨਯੋਗ ਸ: ਹਰਜੀਤ ਸਿੰਘ ਸੱਜਣ ਵਲੋਂ ਸ਼੍ਰੀ ਗੁਰੂ ਰਵਿਦਾਸ ਗੁਰੂਘਰ ਵਿਖੇ ਜ਼ਾਰੀ ਕੀਤਾ ਗਿਆ। ਇਸ ਮੌਕੇ ਸ: ਹਰਜੀਤ ਸਿੰਘ ਸੱਜਣ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਐਸਰੋ ਕੈਨੇਡਾ ਬਹੁਤ ਚੰਗਾ ਕੰਮ ਕਰ ਰਹੀ ਹੈ, ਖਾਸ ਕਰਕੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਪਹਿਲੀ ਵਾਰੀ ਬਾਬਾ ਸਾਹਿਬ ਦੀ ਫਿਲਾਸਪੀ ਤੇ ਆਧਰਿਤ ਵਿਚਾਰ ਵਟਾਂਦਰਾ ਹੋਵੇਗਾ। ਉਨ੍ਹਾਂ ਨਵੇਂ ਬਣ ਰਹੇ ਗੁਰੂਘਰ ਨੂੰ



ਸਰਕਾਰ ਵਲੋਂ ਹਰ ਸੰਭਵ ਮੱਦਦ ਦੇਣ ਦਾ ਵੀ ਭਰੋਸਾ ਦਿੱਤਾ। ਇਸ ਸਮੇ ਐਸਰੋ ਕੈਨੇਡਾ ਦੇ ਪ੍ਰਧਾਨ ਰੂਪ ਲਾਲ ਗੱਡੂ, ਮੀਡਿਆ ਸਪੋਕਸ ਪਰਸਨ ਰਸ਼ਪਾਲ ਭਾਰਦਵਾਜ, ਉਪ ਪ੍ਰਧਾਨ ਗੁਰਮੇਲ ਪੌਲ, ਸਕੱਤਰ ਸੁਰਿੰਦਰ ਸੰਧੂ, ਜੋਗਿੰਦਰ ਬੰਗੜ ਕੈਸ਼ੀਅਰ, ਇੰਚਾਰਜ ਐਸਰੋ ਸਪੋਰਟਸ ਕਲੱਬ ਪਰਮਜੀਤ ਲਾਖਾ, ਮਦਨ ਕਰੜਾ, ਸ਼੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਬਿੱਲ ਬਸਰਾ, ਹੈੱਡ ਕੈਸ਼ੀਅਰ ਹਰਭਜਨ ਮਹੇ, ਸਾਬਕਾ ਪ੍ਰਧਾਨ ਹਰਜੀਤ ਸੋਹਪਾਲ, ਸਾਬਕਾ ਪ੍ਰਧਾਨ ਅਮਰਜੀਤ ਲੇਹਲ, ਸਾਬਕਾ ਪ੍ਰਧਾਨ ਮਾਇਕਲ ਘੀਰਾ, ਸਾਬਕਾ ਕੈਸ਼ੀਅਰ ਰਾਮ ਸਰੂਪ ਚੰਧੜ, ਸਾਬਕਾ ਉਪ ਪ੍ਰਧਾਨ ਬਲਬੀਰ ਬੈਂਸ, ਸਾਬਕਾ ਸਕੱਤਰ ਜਸਵਿੰਦਰ ਮਹਿਮੀ ਹਰਭਜਨ ਬਾਸ਼ਲ ਹਰਭਜਨ ਬਿਰਦੀ ਆਦਿ ਮੌਜੂਦ ਸਨ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਐਫਬੀਆਈ ਨੇ ਸਿੱਖ ਮਾਰਸ਼ਲ ਆਰਟ ਗਤਕਾ ਨੂੰ ਮਾਨਤਾ ਦਿੱਤੀ

## ਸਿੱਖ ਪੰਥ ਯਹੂਦੀਆਂ ਵਾਂਗ ਕੁਆਲਿਟੀ ਵਲ ਧਿਆਨ ਦੇਵੇ ਤਾਂ ਜੋ ਸੱਤਾ ਉਸ ਦੇ ਪੈਰਾਂ 'ਚ ਰੁਲੇ—ਖਾਲਸਾ

**ਨਿਊਯਾਰਕ**–ਬੀਤੇ ਦਿਨੀਂ ਦੁਨੀਆਂ ਦੇ ਸਭ ਤੋਂ ਤਾਕਤਵਰ ਇੰਟੈਂਲੀਜੈਂਸੀ ਏਜੰਸੀ ਐਫਬੀਆਈ ਨੇ ਇਕ ਵਿਸ਼ਾਲ ਪ੍ਰੋਗਰਾਮ ਕਰਵਾਇਆ। ਕਮਿਊਨਿਟੀ ਕਾਪਸ ਐਂਡ ਕਲਚਰ ਐਫਬੀਆਈ ਨਿਊਹੇਵਨ ਡਵਿਜ਼ਨ ਕਨੈਟੀਕਟ ਯੂਐਸਏ ਕੋਨੀਪੇਕ ਯੂਨੀਵਰਸਿਟੀ ਦੇ ਪ੍ਰੋਗਰਾਮ ਵਿਚ ਸਿੱਖ ਮਾਰਸ਼ਲ ਆਰਟ ਗਤਕਾ ਸਿੱਖ ਪੰਥ ਦੇ ਉਭਰਦੇ ਸਟਾਰ ਸਵਰਨਜੀਤ ਸਿੰਘ ਖਾਲਸਾ ਦੇ ਸਹਿਯੋਗ ਨਾਲ ਸ਼ਾਮਲ ਕਰਵਾਇਆ ਗਿਆ। ਅਮਰੀਕਾ ਦੇ ਸਿੱਖਾਂ ਦੀ ਇਹ ਇਕ ਵੱਡੀ ਪ੍ਰਾਪਤੀ ਹੈ ਕਿ ਐਫ-ਬੀਆਈ ਨੇ ਸਿੱਖ ਮਾਰਸ਼ਲ ਆਰਟ ਨੂੰ ਮਾਨਤਾ ਦੇ ਦਿੱਤੀ ਹੈ। ਇਹ ਗਤਕਾ ਟੀਮ ਅਕਾਲ ਗਤਕਾ ਗੁਰਮਤਿ ਗਰੁੱਪ ਵਲੋਂ ਅਯ-ਜਿਤ ਕਰਵਾਈ ਗਈ। ਇਸ ਮੌਕੇ ਐਫਬੀਆਈ ਦੇ ਉੱਚ ਅਧਿ-ਕਾਰੀ ਚਾਲਸ ਗਰੇਡੀ, ਜੌਨ ਬੇਸਨ, ਪ੍ਰਵਾਸੀ ਪੰਜਾਬਣ ਅਫ਼ਸਰ ਮਨਮੀਤ ਕੌਲਨ, ਮਨਪ੍ਰੀਤ ਕੌਰ ਸੰਧੂ, ਨੂਰਪ੍ਰੀਤ ਕੌਰ ਸੰਧੂ ਆਦਿ ਸ਼ਾਮਲ ਸਨ।



ਇਸ ਮੌਕੇ ਉੱਚ ਅਧਿਕਾਰੀ ਚਾਲਸ ਗਰੇਡੀ ਨੇ ਕਿਹਾ ਕਿ ਸਮਾਜ ਤੇ ਅਮਰੀਕਾ ਦੀ ਸ਼ਾਂਤੀ ਲਈ ਸਵਰਨਜੀਤ ਸਿੰਘ ਖਾਲਸਾ ਦੀਆਂ ਸੇਵਾਵਾਂ ਮਹਾਨ ਹਨ ਤੇ ਉਹ ਨਸਲਵਾਦ ਵਿਰੁੱਧ ਉਸਾਰੂ ਢੰਗ ਨਾਲ ਸਰਗਰਮ ਹਨ ਤੇ ਅਮਰੀਕਾ ਪ੍ਰਸ਼ਾਸ਼ਨ ਨੂੰ ਵਧੀਆ ਢੰਗ ਨਾਲ ਸਹਿਯੋਗ ਦੇ ਰਹੇ ਹਨ। ਐਫ-ਬੀਆਈ ਉਨ੍ਹਾਂ ਦੀ ਧੰਨਵਾਦੀ ਹੈ ਤੇ ਇਸ ਮਾਮਲੇ ਵਿਚ ਉਨ੍ਹਾਂ ਦਾ ਹਰੇਕ ਕਿਸਮ ਦਾ ਸਹਿਯੋਗ ਦੇਣ ਲਈ ਵਚਨਬੱਧ ਹੈ।

ਪ੍ਰਵਾਸੀ ਪੰਜਾਬਣ ਅਫ਼ਸਰ ਮਨਮੀਤ ਕੌਲਨ, ਮਨਪ੍ਰੀਤ ਕੌਰ ਸੰਧੂ, ਨੂਰਪ੍ਰੀਤ ਕੌਰ ਸੰਧੂ ਆਦਿ ਅਫ਼ਸਰਾਂ ਨੇ ਕਿਹਾ ਕਿ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਸੁਰੱਖਿਆ ਤੇ ਇੰਟੈਲੀਜੈਂਸੀ ਫੋਰਸਾਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣਾ ਚਾਹੀਦਾ ਹੈ, ਜਿਸ ਨਾਲ ਪੰਜਾਬੀ ਤੇ ਸਿੱਖ ਭਾਈਚਾਰੇ ਦਾ ਮਾਣ ਵਜਧ ਸਕੇ ਤੇ ਸਿੱਖਾਂ ਉੱਪਰ ਨਸਲਵਾਦੀ ਹਮਲੇ ਖਤਮ ਹੋ ਸਕਣ।

ਖਾਲਸਾ ਪੰਥ ਦੇ ਉਭਰ ਰਹੇ ਸਟਾਰ ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲੇਨਿੰਗ ਬੋਰਡ ਕਨੈਕਟੀਕਟ ਨੇ ਦੱਸਿਆ ਕਿ ਇਸ ਮੌਕੇ ਵਿਲੀਅਮ ਬੇਨਡੈ ਪ੍ਰੈਜੀਡੈਂਟ ਐਫਬੀਆਈ ਨਿਊਹੇਵਨ ਸਿਟੀਜ਼ਨ ਅਕੈਡਮੀ ਐਲਬੀਸੀ ਐਸੋਸੀਏਸ਼ਨ ਵਲੋਂ ਮੈਨੂੰ ਮੈਂਬਰਸ਼ਿਪ ਵੀ ਦਿੱਤੀ ਗਈ, ਜਿਸ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਸਮੂਹ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸਰਬੱਤ ਭਲੇ ਦੇ ਮੁਹਿੰਮ ਉਜਾਗਰ ਕਰਨ ਦੇ ਲਈ ਸਿੱਖ ਸਭਿਆਚਾਰ 'ਤੇ ਪਹਿਰੇ ਦੇਣ ਤੇ ਆਪਸੀ ਮਤਭੇਦ ਭੁਲਾ ਕੇ ਯਹੂਦੀ ਭਾਈਚਾਰੇ ਵਾਂਗ ਕੁਆਲਿਟੀ ਵਾਲੀ ਕੌਮ ਉਸਾਰਨ ਲਈ ਯਤਨਸ਼ੀਲ ਹੋਣ, ਜੋ ਕਿ ਗੁਰੂ ਸਾਹਿਬਾਨਾਂ ਦਾ ਸੁਪਨਾ ਸੀ। ਉਨ੍ਹਾਂ ਕਿਹਾ ਕਿ ਸਾਨੂੰ ਜਾਤ-ਪਾਤ, ਨਸਲਵਾਦ ਤੋਂ ਉੱਪਰ ਉੱਠ ਕੇ ਦੁਨੀਆਂ ਦੇ ਵਧੀਆ ਮਨੁੱਖ ਵਜੋਂ ਪੇਸ਼ ਹੋਣਾ ਚਾਹੀਦਾ ਹੈ। ਸੱਤਾ, ਰਾਜ ਸਾਡੇ ਪੈਰਾਂ ਹੇਠ ਰੁਲਣਗੇ।

## ਸਾਕਾ ਪੰਜਾ ਸਾਹਿਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ

**ਫਰੀਮਾਂਟ**– ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਾਕਾ ਪੰਜਾ ਸਾਹਿਬ ਦੇ ਸਬੰਧ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਨੇ ਮੰਚ ਸੰਭਾਲਦਿਆਂ ਸਾਕੇ ਦੇ ਇਤਿਹਾਸ ਤੇ ਰੌਸ਼ਨੀ



ਪਾਈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਠਾਕੁਰ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਹੋਏ ਅਤੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

## ਨੋਰਵਿਚ , ਸੂਬਾ ਕੈਨੈਟਿਕਟ (ਅਮਰੀਕਾ ) ਦੇ ਨੋਰਵਿਚ ਪਬਲਿਕ ਸਕੂਲ ਦੀ ਸੁਪਰੀਡੈਂਟ ਨੂੰ ਗੁਰਮੁਖੀ ਪੰਜਾਬੀ ਬਾਰੇ ਯਾਦਗਾਰੀ ਬੋਰਡ ਭੇਂਟ ਕੀਤਾ

**ਨੋਰਵਿਚ, ਕੈਨੈਟਿਕਟ (ਹੁਸਨ ਲੜੋਆ ਬੰਗਾ)**– ਨੋਰਵਿਚ, ਸੂਬਾ ਕੈਨੈਟਿਕਟ (ਅਮਰੀਕਾ) ਦੇ ਨੋਰਵਿਚ ਪਬਲਿਕ ਸਕੂਲ, ਜਿਸ ਦੇ ਅੰਡਰ 10 ਸਕੂਲ ਆਉਂਦੇ ਹਨ ਉਸ ਸਕੂਲ ਦੀ ਸੁਪਰੀਡੈਂਟ ਨੂੰ ਗੁਰਮੁਖੀ ਪੰਜਾਬੀ ਬਾਰੇ ਯਾਦਗਾਰੀ ਬੋਰਡ ਭੇਟ ਕਰ ਕੇ ਪੰਜਾਬੀ ਭਾਸ਼ਾ ਬਾਰੇ ਜਾਣਕਾਰੀ ਦਿਤੀ ਗਈ। ਇਸ ਮੌਕੇ ਸ. ਪ੍ਰਮਿੰਦਰਪਾਲ ਸਿੰਘ ਖਾਲਸਾ, ਸਵਰਨਜੀਤ ਸਿੰਘ ਖਾਲਸਾ (ਅਮਰੀਕਾ) ਸਿੱਖ ਸੇਵਕ ਸੋਸਾਇਟੀ (ਇੰਟਰਨੈਸ਼ਨਲ) ਨੇ ਇਕ ਬੋਰਡ, ਜਿਸ ਵਿਚ ਇੰਟਰਨੈਸ਼ਨਲ ਭਾਸ਼ਾਵਾਂ ਵਿਚ ਸ਼ਾਮਿਲ ਪੰਜਾਬੀ ਭਾਸ਼ਾ ਸਮੇਤ 21 ਭਾਸਵਾਂ ਦਾ ਜਿਕਰ ਹੈ, ਸਕੂਲ ਦੀ ਕਮੇਟੀ ਨੂੰ ਭੇਟ ਕੀਤਾ ਗਿਆ। ਮੌਕੇ ਤੇ ਨੋਰਵਿੱਚ ਪਬਲਿਕ ਸਕੂਲ ਦੀ ਸਾਰੀ ਕਮੇਟੀ ਨੇ ਸ. ਖਾਲਸਾ ਦਾ ਸਵਾਗਤ ਅਤੇ ਧੰਨਵਾਦ ਕੀਤਾ , ਅਤੇ ਪੰਜਾਬੀ ਭਾਸ਼ਾ ਨੂੰ ਪੂਰਾ ਮਾਨ ਅਤੇ ਪੰਜਾਬੀ ਬਾਰੇ ਸਾਰੇ ਸਕੂਲ ਦੇ ਸਟਾਫ ਅਤੇ ਹੋਰ ਵੀ ਇਸ ਦੇਅੰਦਰ ਆਉਂਦੇ ਦਸ ਸਕੂਲਾਂ ਦੇ ਦਾਖਲੇ ਸਬੰਧੀ ਪੂਰਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ । ਯਾਦ ਰਹੇ ਕਿ ਪਹਿਲਾ ਵੀ ਨੋਰਵਿੱਚ ਸ਼ਹਿਰ ਵਿਚ ਪੰਜਾਬੀ ਨੂੰ ਮਾਨ੍ਹਤਾ ਮਿਲੀ ਹੋਈ ਹੈ ਅਤੇ ਸ ਸਵਰਨਜੀਤ ਸਿੰਘ ਖਾਲਸਾ ਦੇ ਯਤਨਾ ਸਦਕੇ ਸਰਕਾਰੀ ਦਫਤਰਾਂ ਅਤੇ ਪਬਲਿਕ ਸਥਾਨਾਂ ਵਿਚ ਪੰਜਾਬੀ ਦੇ ਅਤੇ ਸ਼ਹਿਰ ਦੇ ਦਾਖਲੇ ਤੇ "ਜੀ ਆਇਆ ਨੂੰ "ਦੇ ਸਵਾਗਤੀ ਸਾਈਨ ਬੋਰਡ ਲਗੇ ਹੋਏ ਹਨ।




## ਜੈਜਲ ਮੈਟਾਂ ਦੀ ਕੰਪਨੀ ਨੇ ਕਾਰ ਮੈਟਾਂ ਤੋਂ ਸਿੱਖੀ ਚਿੰਨ੍ਹ ਹਟਾਏ

**ਨਿਊਯਾਰਕ (ਰਾਜ ਗੋਗਨਾ)**— ਬੀਤੇ ਦਿਨੀਂ ਜ਼ੈਜ਼ਲ ਕੰਪਨੀ ਵੱਲੋਂ ੴ ਅਤੇ ਖੰਡੇ ਦੇ ਸਿੱਖ ਚਿੰਨਾਂ ਨਾਲ ਬਣਾਈਆਂ ਕਾਰ ਮੈਂਟਾਂ ਹਟਾ ਦਿੱਤੀਆਂ ਗਈਆਂ! ਕਈ ਜਾਗਰੂਕ ਸਿੱਖਾਂ ਵੱਲੋਂ ਇਸ ਕੰਪਨੀ ਵੱਲੋਂ ਅਣਜਾਣੇ ਚ ਕੀਤੀ ਕਾਰਵਾਈ ਬਾਰੇ ਧਿਆਨ ਦੁਆਇਆ ਗਿਆ। ਉਸੇ ਵੇਲੇ ਕੰਪਨੀ ਨੂੰ ਟਵਿੱਟਰ ਤੇ ਸੰਪਰਕ ਕੀਤਾ ਗਿਆ ਤੇ ਜਵਾਬ ਚ ਇਹ ਹਿਰਦੇ ਵੇਦਕ ਮਾਲ ਹਟਾ ਦਿੱਤਾ ਗਿਆ ਹੈ। ਉਨਾਂ ਸਾਰੇ ਵੀਰਾਂ ਭੈਣਾਂ ਦਾ ਧੰਨਵਾਦ ਜਿਹਨਾਂ ਨੇ ਇਸ ਪਾਸੇ ਧਿਆਨ ਦੁਆਇਆ।




## ਸਿੱਖ ਵਿਰਸਾ ਜਾਗਰੁਕਤਾ ਦਿਵਸ ਮੇਲਾ 18 ਨਵੰਬਰ ਨੂੰ ਯੂਨੀਅਨ ਸਿਟੀ ਵਿਚ ਹੋਵੇਗਾ

**ਯੂਨੀਅਨ ਸਿਟੀ**– ਅਮਰੀਕਾ ਦੇ ਇਤਿਹਾਸ ਵਿਚ ਸਿੱਖਾਂ ਦੇ ਪਾਏ ਗਏ ਯੋਗਦਾਨ ਅਤੇ ਵਿਰਸੇ ਬਾਰੇ ਜਾਗਰੂਕਤਾ ਅਤੇ ਪ੍ਰਸੰਸਾ ਅਨੁਸਾਰ ਕੈਲੇਫੋਰਨੀਆ ਵਿਚ ਮਨਾਏ ਜਾਣ ਲਈ ਨਵੰਬਰ ਮਹੀਨਾ ਚੁਣਿਆ ਹੈ, ਜਿਸ ਵਿਚ ਸਿੱਖ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਉਸੇ ਲੜੀ ਤਹਿਤ 18 ਨਵੰਬਰ ਦਿਨ ਐਤਵਾਰ ਬਾਅਦ ਦੁਪਹਿਰ 3 ਵਜੇ ਇੱਕ ਪ੍ਰੋਗਰਾਮ ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਗੇ ਅਮੈਨੂਅਲ ਸਕੂਲ ਯੂਨੀਅਨ ਸਿਟੀ ਦੇ ਸਾਂਝੇ ਉੱਦਮ ਨਾਲ ਇੱਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।

ਇਸ ਵਿਚ ਖਾਲਸਾ ਸਕੂਲ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਵਿਦਿਆਰਥੀ ਹਿੱਸਾ ਲੈਣਗੇ। ਪ੍ਰੋਗਰਾਮ ਅਨੁਸਾਰ ਕੀਰਤਨ, ਅਰਦਾਸ, ਪ੍ਰਚਾ ਪਾਠ, ਗੱਤਕਾ ਆਦਿ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਜਾਵੇਗਾ।

ਸਥਾਨਕ ਲੋਕ ਗਾਇਕ ਮੰਗਜੀਤ ਸਿੰਘ ਮੰਗਾ, ਤਰਸੇਮ ਸਿੰਘ ਅਟਵਾਲ, ਮਹਿੰਦਰ ਸਿੰਘ ਰਾਜਪੂਤ, ਧਰਮਪਾਲ ਪ੍ਰਦੇਸੀ (ਰੈਕੋ), ਦਰਸ਼ਨ ਔਜਲਾ, ਜਸਦੀਪ ਸਿੰਘ ਫਰੀਮਾਂਟ ਆਪਣੇ ਹੁਨਰ ਦੀ ਪੇਸ਼ਕ-ਾਰੀ ਕਰਨਗੇ। ਹਾਜ਼ਰ ਕਵੀਆਂ ਵੱਲੋਂ ਕਵੀ ਦਰਬਾਰ ਸਜਾਇਆ ਜਾਵੇਗਾ।

ਜਲਪਾਨ ਨਿਰੰਤਰ ਚਲਦਾ ਰਹੇਗਾ, ਕਾਰ ਪਾਰਕਿੰਗ ਦਾ ਵੀ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਸੰਪਰਕ ਕਰੋ: 510-415-9377

******

## Matrimonials

**ਲੜਕੀ ਦੀ ਲੋੜ**

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ।
ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

----------------------

**ਲੜਕੀ ਦੀ ਲੋੜ**

ਵਾਲਮੀਕ ਭਾਈਚਾਰੇ ਨਾਲ ਸਬੰਧਤ 26 ਸਾਲਾ ਸਾਫਟਵੇਅਰ ਇੰਜੀਨੀਅਰ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ-ਲਿਖੀ, ਸੁਸ਼ੀਲ ਲੜਕੀ ਦੀ ਲੋੜ ਹੈ। ਲੜਕੇ ਦੇ ਚਾਚਾ ਜੀ ਅਮਰੀਕਾ ਵਿਚ ਰਹਿ ਰਹੇ ਹਨ। ਹੋਰ ਜਾਣਕਾਰੀ ਲਈ ਚਾਹਵਾਨ ਸੰਪਰਕ ਕਰੋ: 209 242 3642

--------------------------

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND)
Presently on Teaching job in Pvt.Inst. Contact NRI only.
Minimum Degree (Med/Non-Med/Engg.)
Doaba Area Preffered
Family Detail: Father: Civil Engineer, Mother: House Wife
2 Brothers: (Civil Engineers)
Cell: +91-9877505351, WhatsApp: +91-8054208733

* ਦੇਸ਼ ਦੁਆਬਾ ਵਿਚ ਹੁਣ ਤੱਕ ਛਾਪੇ ਜਾਂਦੇ ਰਹੇ ਮੈਟਰੀਮੋਨੀਅਲ, ਸਾਰੇ ਮੁਫਤ ਛਾਪੇ ਗਏ ਅਤੇ ਇਹ ਸਹੂਲਤ ਇਸ ਸਾਲ ਦੇ ਅਖੀਰ ਤੱਕ ਜਾਰੀ ਰਹੇਗੀ।
* ਸਬੰਧਤ ਧਿਰਾਂ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਲਈ ਉਹ ਖੁਦ ਜ਼ਿੰਮੇਵਾਰ ਹੋਣਗੀਆਂ, ਅਦਾਰਾ 'ਦੇਸ਼ ਦੁਆਬਾ' ਦੇ ਸਬੰਧਤ ਬੋਰਡ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Services
9:00 AM to 6:00 PM Mon-Sat





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਦੇਸ਼ ਦੁਆਬਾ

# ਦੀਵਾਲੀ 'ਤੇ ਪਟਾਕਿਆਂ ਦਾ ਸ਼ੋਰ

ਦੀਵਾਲੀ ਹਾਲਾਂਕਿ ਅੱਜ ਕੌਮਾਂਤਰੀ ਤਿਉਹਾਰ ਬਣ ਗਿਆ ਹੈ, ਪਰ ਭਾਰਤ ਵਿਚ ਕੁਝ ਸਾਲਾਂ ਤੋਂ ਇਸ ਤਿਉਹਾਰ ਤੇ ਪਟਾਕੇ ਵਜਾਉਣ ਦਾ ਨਵਾਂ ਰੁਝਾਨ ਜੋ ਪੈਦਾ ਹੋਇਆ ਹੈ, ਉਹ ਬੇਹੱਦ ਖਤਰਨਾਕ ਸਾਬਤ ਹੁੰਦਾ ਜਾ ਰਿਹਾ ਹੈ। ਵਾਤਾਵਰਣ ਸੁਰੱਖਿਆ ਦੇ ਮੱਦੇਨਜ਼ਰ ਹਾਲਾਂਕਿ ਹੁਣ ਭਾਰਤ ਸਮੇਤ ਪੰਜਾਬ ਵਿਚ ਜਾਗਰੂਕਤਾ ਵੱਧ ਰਹੀ ਹੈ ਅਤੇ ਇਸ ਸਾਲ ਪ੍ਰਦੂਸ਼ਣ ਵਿਚ ਵੀ ਕਮੀ ਆਈ ਹੈ, ਪਰ ਇਸ ਦੇ ਬਾਵਜੂਦ ਇਹ ਰੁਝਾਨ ਜਾਰੀ ਹੈ। ਪਟਾਕੇ ਚਲਾਉਣ ਦਾ ਸਿਲਸਿਲਾ ਦੀਵਾਲੀ ਤੋਂ ਕਈ ਦਿਨ ਪਹਿਲਾਂ ਆਰੰਭ ਹੋ ਜਾਂਦਾ ਹੈ ਅਤੇ ਦੀਵਾਲੀ ਤੋਂ ਕੁਝ ਦਿਨ ਬਾਅਦ ਵੀ ਚਲਦਾ ਰਹਿੰਦਾ ਹੈ। ਹੁਣ ਪਟਾਕੇ ਸਿਰਫ ਦੀਵਾਲੀ ਨੂੰ ਹੀ ਨਹੀਂ ਬਲਕਿ ਗੁਰਪੁਰਬਾਂ ਅਤੇ ਹਰ ਪ੍ਰੋਗਰਾਮਾਂ ਸਮੇਤ ਵਿਆਹਾਂ ਵਿਚ ਵੀ ਚਲਾਉਣਾ ਆਮ ਗੱਲ ਹੋ ਗਈ ਹੈ। ਇਸ ਦਾ ਨਤੀਜਾ ਇਹ ਹੈ ਕਿ ਭਾਰਤ ਦੁਨੀਆਂ ਦੇ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਮੁਲਕਾਂ ਵਿਚ ਸ਼ਾਮਲ ਹੋ ਗਿਆ ਹੈ। ਭਾਰਤ ਦੇ ਉਪਰ ਧੂੰਏ ਦਾ ਟੋਕਰਾ ਪੁਲਾੜ ਤੋਂ ਵੀ ਦਿੱਸਦਾ ਹੈ। ਹਾਲਾਂਕਿ ਪ੍ਰਦੂਸ਼ਣ ਲਈ ਸਿਰਫ ਪਟਾਕੇ ਨਹੀਂ ਬਲਕਿ ਉਦਯੋਗਿਕ ਅਤੇ ਖੇਤੀਬਾੜੀ ਸੈਕਟਰ ਤੋਂ ਉਠਦਾ ਧੂੰਆ ਵੀ ਜ਼ਿੰਮੇਵਾਰ ਹੈ। ਪੰਜਾਬ ਵਿਚ ਝੋਨੇ ਦੀ ਪਰਾਲੀ ਨੂੰ ਸਾੜਨ ਦਾ ਜੋ ਰੁਝਾਨ ਪੈਦਾ ਹੋਇਆ ਹੈ, ਉਸ ਕਾਰਨ ਪੰਜਾਬ ਅਕਤੂਬਰ-ਨਵੰਬਰ ਦੇ ਮਹੀਨੇ ਵਿਚ ਅਜਿਹਾ ਲੱਗਦਾ ਹੈ, ਜਿਵੇਂ ਸਾਰਾ ਪੰਜਾਬ ਅੱਗ ਵਿਚ ਝੁਲਸ ਰਿਹਾ ਹੋਵੇ। ਪੰਛੀਆਂ ਦਾ ਆਲ੍ਹਣੇ ਸੜ ਜਾਂਦੇ ਹਨ, ਬਿਮਾਰੀਆਂ ਤੇਜ਼ੀ ਨਾਲ ਵਧਦੀਆਂ ਹਨ ਅਤੇ ਸਰਦੀ ਦਾ ਮੌਸਮ ਹੋਣ ਕਾਰਨ ਧੂੰਆ ਜ਼ਿਆਦਾ ਸਮਾਂ ਵਾਤਾਵਰਣ ਵਿਚ ਘੁਲਿਆ ਰਹਿੰਦਾ ਹੈ।

ਦੀਵਾਲੀ ਦੇ ਪਟਾਕਿਆਂ ਕਾਰਨ ਹਰ ਸਾਲ ਕਈ ਥਾਵਾਂ ਤੇ ਅੱਗਾਂ ਲੱਗਦੀਆਂ ਹਨ, ਸੈਂਕੜੇ ਲੋਕੀ ਪਟਾਕੇ ਬਣਾਉਣ ਤੇ ਚਲਾਉਣ ਵੇਲੇ ਜ਼ਖਮੀ ਹੁੰਦੇ ਹਨ, ਬਹੁਤ ਸਾਰੀਆਂ ਜਾਨਾਂ ਅਜ਼ਾਂਈ ਚਲੀਆਂ ਜਾਂਦੀਆਂ ਹਨ ਅਤੇ ਬਹੁਤ ਸਾਰੇ ਲੋਕਾਂ ਦੀ ਅੱਖਾਂ ਦੀ ਰੋਸ਼ਨੀ ਚਲੀ ਜਾਂਦੀ ਹੈ। ਦੀਵਾਲੀ ਹੁਣ ਬਜ਼ਾਰੀਕਰਨ ਦੇ ਕਾਰਨ ਇੰਨੀ ਜ਼ਿਆਦਾ ਵਿਗੜ ਗਈ ਹੈ ਕਿ ਇਹ ਇਨਸਾਨਾਂ ਦੇ ਨਾਲ ਸਾਰੇ ਪ੍ਰਾਣੀਆਂ ਦੇ ਲਈ ਮੁਸੀਬਤਾਂ ਖੜ੍ਹੀਆਂ ਕਰ ਰਹੀ ਹੈ। ਵਾਤਾਵਰਣ ਵਿਚ ਘੁਲ ਰਿਹਾ ਜ਼ਹਿਰ ਹਰੇਕ ਪ੍ਰਾਣੀ ਦੀ ਜ਼ਿੰਦਗੀ ਛੋਟੀ ਕਰ ਰਿਹਾ ਹੈ। ਮਨੁੱਖ ਆਪਣੇ ਸਵਾਰਥ ਲਈ ਇਸ ਗ੍ਰਹਿ ਦੇ ਹਰੇਕ ਪ੍ਰਾਣੀ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਰਿਹਾ ਹੈ। ਕਰੋੜਾਂ ਰੁਪਏ ਖਰਚ ਕਰਕੇ ਵਾਤਾਵਰਣ ਵਿਚ ਜ਼ਹਿਰ ਘੋਲਿਆ ਜਾ ਰਿਹਾ ਹੈ। ਕੀ ਇਸ ਤਰੀਕੇ ਨਾਲ ਤਿਉਹਾਰ ਮਨਾਉਣੇ ਜਾਇਜ਼ ਹਨ। ਦੀਵਾਲੀ ਵਰਗੇ ਤਿਉਹਾਰ ਪਟਾਕਿਆਂ ਦੇ ਨਹੀਂ ਬਲਕਿ ਰੌਸ਼ਨੀਆਂ ਦੇ ਤਿਉਹਾਰ ਮੰਨੇ ਜਾਂਦੇ ਹਨ ਪਰ ਹੁਣ ਪਟਾਕਿਆਂ ਕਾਰਨ ਹੋਣ ਵਾਲੇ ਪ੍ਰਦੂਸ਼ਣ ਕਾਰਨ ਅੱਖਾਂ, ਫੇਫੜਿਆਂ ਦੇ ਰੋਗ, ਬੋਲਾਪਣ, ਹਾਈ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ। ਪੁਰਾਣੀ ਇਕ ਰਿਪੋਰਟ ਮੁਤਾਬਕ ਦਿੱਲੀ ਦੇ ਆਸ ਪਾਸ ਦੇ ਖੇਤਰਾਂ ਵਿਚ ਆਤਿਸ਼ਬਾਜ਼ੀ ਤੋਂ ਬਾਅਦ ਪ੍ਰਦੂਸ਼ਣ ਦਾ ਤਿੰਨ ਸਾਲ ਦਾ ਰਿਕਾਰਡ ਟੁੱਟ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪੈਸੇ ਅਤੇ ਵਾਤਾਵਰਣ ਦੀ ਬਰਬਾਦੀ ਦੇ ਬਾਵਜੂਦ ਪਟਾਕੇ ਚਲਾਉਣ ਦੀ ਕੁਰੀਤੀ ਨਿਰੰਤਰ ਵਧਦੀ ਜਾ ਰਹੀ ਹੈ। ਇਸ ਸਾਲ ਖੁਸ਼ੀ ਵਾਲੀ ਗੱਲ ਇਹ ਹੈ ਕਿ ਪਹਿਲਾਂ ਦੇ ਮੁਕਾਬਲੇ ਲੋਕਾਂ ਵਿਚ ਜਾਗਰੂਕਤਾ ਜ਼ਿਆਦਾ ਵਧੀ ਹੈ ਅਤੇ ਬਹੁਤ ਸਾਰੇ ਲੋਕਾਂ ਨੇ ਪਟਾਕਿਆਂ ਤੋਂ ਕਿਨਾਰਾਕਸ਼ੀ ਕੀਤੀ ਹੈ। ਪਰ ਜਦੋਂ ਤੱਕ ਅਜਿਹੀ ਜਾਗਰੂਕਤਾ ਸਭ ਲੋਕਾਂ ਵਿਚ ਨਹੀਂ ਵਧਦੀ, ਮੁਸ਼ਕਿਲਾਂ ਵਧਦੀਆਂ ਜਾਂਦੀਆਂ ਹਨ। ਸਰਕਾਰਾਂ ਲੋਕਾਂ ਦੇ ਨਰਾਜ਼ ਹੋਣ ਦੇ ਡਰੋਂ ਸਖਤ ਕਦਮ ਚੁੱਕਣ ਤੋਂ ਕਿਨਾਰਾ ਕਰਦੀਆਂ ਹਨ। ਕੀ ਇਸ ਤਰ੍ਹਾਂ ਵਾਤਾਵਰਣ ਨੂੰ ਲਗਾਤਾਰ ਵਿਗਾੜ ਕੇ ਅਸੀਂ ਕੋਈ ਖੁਸ਼ੀ ਪ੍ਰਾਪਤ ਕਰ ਰਹੇ ਹਾਂ? ਖੁਸ਼ੀ ਨਹੀਂ ਬਲਕਿ ਆਪਣੇ ਨਾਲ ਅਤੇ ਭਵਿੱਖ ਦੀਆਂ ਪੀੜ੍ਹੀਆਂ ਨਾਲ ਧੋਖਾ ਕਰ ਰਹੇ ਹਾਂ। ਇੱਥੇ ਵਰਣਨਯੋਗ ਹੈ ਕਿ ਭਾਰਤ ਦਾ ਇਕ ਵਿਸ਼ੇਸ਼ ਵਰਗ ਦੀਵਾਲੀ ਅਤੇ ਦੁਸ਼ਹਿਰਾ ਮਨਾਏ ਜਾਣ ਦੇ ਹੱਕ ਵਿਚ ਹੀ ਨਹੀਂ, ਬਲਕਿ ਇਸ ਦਾ ਇਤਿਹਾਸਕ ਤੱਥਾਂ ਨਾਲ ਵਿਰੋਧ ਵੀ ਕਰਦਾ ਹੈ। ਇਸ ਵਿਸ਼ੇਸ਼ ਵਰਗ ਦੀਆਂ ਜੇਕਰ ਭਾਵਨਾਵਾਂ ਨੂੰ ਸਮਝਿਆ ਜਾਵੇ ਤਾਂ ਉਹਨਾਂ ਦੇ ਅੰਦਰ ਜਵਾਰਭਾਟੇ ਦੀ ਤਰ੍ਹਾਂ ਪਣਪ ਰਹੇ ਵਿਦਰੋਹ ਨੂੰ ਸਮਝਿਆ ਜਾ ਸਕਦਾ ਹੈ। ਜਿਸ ਬਾਰੇ ਆਉਣ ਵਾਲੇ ਸਮੇਂ ਵਿਚ ਜ਼ਿਕਰ ਕੀਤਾ ਜਾਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-86

## ਕੇਸਕੀ, ਕੇਸਾਧਾਰੀ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਛੋਟੀ ਦਸਤਾਰ ਜੋ ਕੇਸ਼ਾ ਦੀ ਸੰਭਾਲ ਲਈ ਵੱਡੀ ਦਸਤਾਰ ਦੇ ਥੱਲੇ ਬੰਨ੍ਹੀ ਜਾਂਦੀ ਹੈ। ਭੱਟ ਵਹੀ ਪਰਗਨਾ ਥਨੇਸਰ ਮੁਤਾਬਿਕ ਇਹ ਉਨ੍ਹਾਂ ਪੰਜਾਂ ਕਕਾਰਾਂ 'ਚ ਇੱਕ ਸੀ ਜਿਹੜੇ ਦਸ਼ਮੇਸ਼ ਜੀ ਨੇ ਖਾਲਸਾ ਸਾਜਨ ਮਗਰੋਂ, ਖੰਡੇ ਦੀ ਪਾਹੁਲ ਦੇਣ ਸਮੇ ਲਾਜਮੀ ਕੀਤੇ ਸਨ। ਇਸ ਭੱਟ ਵਹੀ ਮੁਤਾਬਿਕ ਕੇਸ ਕਕਾਰ ਨਹੀਂ ਪਰ ਕੇਸ ਕੱਟਣਾਂ ਬਜਰ ਕੁਰਹਿਤ ਹੈ। ਜੋ ਰਹਿਤ ਮਰਯਾਦਾ ਸ਼੍ਰੋਮਣੀ ਕਮੇਟੀ ਨੇ, ਅਕਾਲ ਤਖਤ ਤੋਂ ਜਾਰੀ ਕੀਤੀ ਉਸ ਅਨੁਸਾਰ ਕੇਸ ਕਕਾਰ ਨੇ ਨਾਂ ਕਿ ਕੇਸਕੀ। ਅੱਜ ਕੱਲ੍ਹ ਬੱਚਿਆਂ ਨੂੰ ਦਸਤਾਰ ਦੀ ਥਾਂ ਕੇਸਕੀ ਸਜਾਈ ਜਾਂਦੀ ਹੈ।

ਕਈ ਇਸ ਨੂੰ ਪਟਕਾ ਵੀ ਕਹਿੰਦੇ ਨੇ ਜੋ ਗਲਤ ਹੈ। ਨੌਜਵਾਨ ਜਾਂ ਵਡੇਰੀ ਉਮਰ ਦੇ ਸਿੱਖਾਂ ਸਿਰ ਇਹ ਪਟਕਾ ਸ਼ੋਭਾ ਨਹੀਂ ਦਿੰਦਾ। ਇਕੱਲੀ ਕੇਸਕੀ ਵੀ ਦਸਤਾਰ ਦਾ ਬਦਲ ਨਹੀਂ। ਇਸ ਦੀ ਥਾਂ ਟੋਪੀ ਦੀ ਨਵੀਂ ਕਿਸਮ ਪਟਕਾ ਜਾਂ ਪਟਕੀ ਆ ਗਈ ਜੋ ਬਿਲਕੁਲ ਗਲਤ ਹੈ।

ਕੇਸਾਧਾਰੀ-ਕੇਸ ਧਾਰਨ ਭਾਵ ਕੇਸਾਂ ਵਾਲਾ। ਜਿਵੇਂ ਕ੍ਰਿਪਾਨਧਾਰੀ, ਅੰਮ੍ਰਿਤਧਾਰੀ, ਸਹਿਜਧਾਰੀ ਅਤੇ ਨਾਮਧਾਰੀ ਆਦਿਕ ਸ਼ਬਦ ਨੇ, ਇਵੇਂ ਹੀ ਕੇਸਾਧਾਰੀ ਲਫਜ਼ ਹੈ। ਕੋਈ ਵੀ ਗੈਰ-ਸਿੱਖ, ਅਸਲ ਚ ਸਿੱਖ ਨਹੀਂ। ਅੰਮ੍ਰਿਤਧਾਰੀ ਤੇ ਸਹਿਜਧਾਰੀ ਦੋਵੇਂ ਕੇਸਾਧਾਰੀ ਹੁੰਦੇ ਨੇ ਪਰ ਕੇਸਾਧਾਰੀ ਜਿਸ ਨੇ ਕੇਸ ਕੱਟੇ ਨਹੀਂ ਹੁੰਦੇ ਉਸ ਕੋਲ ਜਮਾਂਦਰੂ ਕੇਸ ਹੁੰਦੇ ਹਨ। ਸਹਿਜਧਾਰੀ ਜੋ ਸਿੱਖ ਪ੍ਰਵਾਰ ਚੋਂ ਹੋਵੇ ਤੇ ਸਿੱਖ ਰਹੁਰੀਤ ਵਿਰੁੱਧ ਕੋਈ ਕਰਮ ਨਾਂ ਕਰਦਾ ਹੋਵੇ ਜਿਵੇਂ ਤੰਬਾਕੂ ਸਿਗਰਟ ਆਦਿ ਨਾਂ ਪੀਂਦਾ ਹੋਵੇ ਅਤੇ ਗੁਰੂ ਗ੍ਰੰਥ ਨੂੰ ਆਪਣਾ ਗੁਰੂ ਮੰਨਦਾ ਹੋਇਆ ਸਹਿਜ ਸਹਿਜ ਪਹੁਲਧਾਰੀ ਹੋ ਜਾਵੇ। ਕਿਸੇ ਗੈਰ ਧਰਮ ਦਾ ਕਲੀਨਸ਼ੇਵ ਸਹਿਜਧਾਰੀ ਸਿੱਖ ਨਹੀਂ ਹੋ ਸਕਦਾ। ਸਿੱਖਾਂ 'ਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਲਈ ਬਦਨੀਤੀ ਨਾਲ ਗੈਰਸਿੱਖ ਵੀ ਕੇਸਾਧਾਰੀ ਹੋ ਜਾਂਦੇ ਨੇ ਜਿਵੇਂ ੧੯੯੬ ਤੇ ੨੦੦੪ ਵਿੱਚ ਵੋਟਾਂ ਬਣਵਾਉਣ ਲਈ ਆਪਣੇ ਆਪ ਨੂੰ ਕਈ ਗੈਰਸਿੱਖਾਂ ਨੇ ਅਖੌਤੀ ਸਹਿਜਧਾਰੀ ਸਿੱਖ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜੋ ਬਾਅਦ 'ਚ ਕਨੂੰਨੀ ਤੌਰ ਤੇ ਬੰਦ ਕਰ ਦਿੱਤੀ ਗਈ।

ਸੰਸਾਰ ਦਾ ਕੋਈ ਵੀ ਕੇਸਾਂਵਾਲਾ ਜੀਵ ਕੇਸਾਧਾਰੀ ਹੈ। ਕੇਸ ਸਰੀਰ ਦੇ ਨਾਲ ਹੀ ਪੈਦਾ ਹੁੰਦੇ ਹਨ। ਬਾਅਦ 'ਚ ਆਪੋ ਆਪਣੀ ਧਰਮ ਮਰਯਾਦਾ ਜਾਂ ਫੈਸ਼ਨ ਅਨੁਸਾਰ ਲੋਕ ਕੇਸ ਕੱਟ ਲੈਂਦੇ ਹਨ ਪਰ ਗੁਰਸਿੱਖ ਸਦਾ ਕੇਸਾਧਾਰੀ ਰਹਿੰਦਾ ਅਤੇ ਕੇਸਾਂ ਦੀ ਸੰਭਾਲ ਵਾਸਤੇ ਕੇਸਕੀ (ਛੋਟੀ ਦਸਤਾਰ) ਬੰਨ੍ਹਦਾ ਹੈ। ਇਸ ਦਾ ਮਤਲਵ ਇਹ ਵੀ ਨਹੀ ਕਿ ਕੇਸਾਂ ਤੋਂ ਬਿਨਾਂ ਕੋਈ ਸਿਆਣਾ ਜਾਂ ਅਕਲਮੰਦ ਨਹੀ ਹੋ ਸਕਦਾ ਸਗੋਂ ਕੇਸਧਾਰੀ ਵੀ ਬਥੇਰੇ ਬੇਅਕਲੇ ਦੇਖੇ ਜਾ ਸਕਦੇ ਹਨ। ਕੇਸ ਤੇ ਦਸਤਾਰ ਸਿੱਖ ਦੀ ਪਹਿਚਾਨ ਤੇ ਵਰਦੀ ਦਾ ਹਿੱਸਾ ਹਨ ਨਾਂ ਕਿ ਕੋਈ ਰੂਹਾਨੀ ਨਿਆਂਮਤ। ਕੇਸਕੀ ਕਕਾਰ ਨਹੀਂ ਸਗੋਂ ਕੇਸਾਂ ਦੀ ਸੰਭਾਲ ਵਾਸਤੇ ਹੀ ਹੈ। ਜਿਵੇਂ ਬਾਕੀ ਧਰਮਾਂ 'ਚ ਵੀ ਅਲੱਗ ਅਲੱਗ ਫਿਰਕੇ ਬਣ ਗਏ ਹਨ ਇਵੇਂ ਹੀ ਅੱਜ ਸਿੱਖਾਂ ਵਿੱਚ ਵੀ ਹਨ ਜਿੰਨ੍ਹਾਂ ਚੋਂ "ਅਖੰਡ ਕੀਰਤਨੀ" ਕੇਸਕੀ ਨੂੰ ਕਕਾਰ ਮੰਨਦੇ ਹਨ ਪਰ ਪੰਥਕ ਮਰਯਾਦਾ ਅਨੁਸਾਰ ਕੇਸ ਹੀ ਕਕਾਰ ਹਨ। ਸੋ ਗੁਰਮਤਿ ਅਨੁਸਾਰ ਇਹ ਸੀ ਕੇਸਕੀ ਤੇ ਕੇਸਧਾਰੀ ਲਫਜ਼ਾਂ ਦੀ ਸੰਖੇਪ ਵਿਆਖਿਆ।

# ਡਾ. ਅੰਬੇਡਕਰ ਦੇ ਸਕੂਲ ਵਿਚ ਦਾਖਲੇ ਦੇ ਦਿਨ 7 ਨਵੰਬਰ ਨੂੰ ਸਟੂਡੈਂਟਸ ਡੇਅ ਵਜੋਂ ਮਨਾਉਣ ਦੇ ਆਦੇਸ਼

**ਮੁੰਬਈ-** ਮਹਾਰਾਸ਼ਟਰ ਸਰਕਾਰ ਨੇ ਸੂਬੇ ਦੇ ਸਾਰੇ ਸਕੂਲਾਂ, ਵਿਦਿਅਕ ਅਦਾਰਿਆਂ ਨੂੰ 7 ਨਵੰਬਰ ਦਾ ਦਿਨ ਸਟੂਡੈਂਟਸ ਡੇਅ ਵਜੋਂ ਮਨਾਉਣ ਦੇ ਆਦੇਸ਼ ਦਿੱਤੇ ਹਨ। ਇਸ ਦਿਨ ਡਾ. ਅੰਬੇਡਕਰ ਸਕੂਲ ਵਿਚ ਦਾਖਲ ਹੋਏ ਸਨ। ਹਾਲਾਂਕਿ ਇਸ ਵਾਰ ਛੁੱਟੀਆਂ ਹੋਣ ਕਾਰਨ ਸਕੂਲਾਂ ਵਿਚ ਇਹ ਦਿਨ ਨਹੀਂ ਮਨਾਇਆ ਜਾ ਸਕਿਆ।




ਨਵੰਬਰ 7, 1900 ਨੂੰ ਡਾ. ਅੰਬੇਡਕਰ ਪ੍ਰਤਾਪਸਿੰਘ ਹਾਈ ਸਕੂਲ, ਰਜਵਾੜਾ, ਸਤਾਰਾ ਵਿਖੇ ਸਕੂਲ ਵਿਚ ਦਾਖਲ ਹੋਏ ਸਨ। ਉਹਨਾਂ ਦੇ ਦਸਤਖਤ ਹਾਲੇ ਵੀ ਸਕੂਲ ਦੇ ਇਤਿਹਾਸਕ ਰਿਕਾਰਡ ਵਿਚ ਸੰਭਾਲੇ ਪਏ ਹਨ। ਉਹਨਾਂ ਦੇ ਸਕੂਲ ਵਿਚ ਦਾਖਲੇ ਨੂੰ ਸਿੱਖਿਆ ਸੁਧਾਰਾਂ ਵਜੋਂ ਲਿਆ ਜਾਂਦਾ ਰਿਹਾ ਹੈ। ਉਹਨਾਂ ਨੇ ਹੀ ਬਾਅਦ ਵਿਚ ਭਾਰਤੀ ਸੰਵਿਧਾਨ ਦੀ ਰਚਨਾ ਕੀਤੀ, ਜੋ ਕਿ ਦੁਨੀਆਂ ਦੇ ਬਿਹਤਰੀਨ ਸੰਵਿਧਾਨਾਂ ਵਿਚੋਂ ਇਕ ਹੈ।

ਸਕੂਲਾਂ ਦੇ ਅਧਿਕਾਰੀਆਂ ਨੇ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਪਰ ਇਸ ਵਾਰ ਉਹਨਾਂ ਨੇ ਛੁੱਟੀਆਂ ਰੱਦ ਕਰਨ ਤੋਂ ਇਨਕਾਰ ਕੀਤਾ। ਇਸ ਸਾਲ ਵੀ ਸਕੂਲਾਂ ਵਿਚ ਛੋਟੇ ਪ੍ਰੋਗਰਾਮ ਰੱਖੇ ਜਾਣਗੇ।

# ਸੂਚੇ ਏਹਿ ਨਾ ਆਖੀਅਹਿ ਬਹਨਿ ਜਿ ਪਿੰਡਾ ਧੋਇ



ਚਰਨਜੀਤ ਸਿੰਘ ਬਿਨਪਾਲਕੇ
91-98722-42944

ਧਾਰਮਿਕਤਾ ਵਿਚ ਸੁੱਚੇ ਅਤੇ ਸੁੱਚਮ ਸ਼ਬਦ ਇਕ ਵਿਸ਼ੇਸ਼ ਪ੍ਰਕਾਰ ਦੀ ਕਿਰਿਆ ਹੈ ਜਿਸ ਤੋਂ ਭਾਵ ਸ਼ੁੱਧ ਹੋਣਾ ਜਾਂ ਸ਼ੁੱਧ ਕਰਨਾ ਹੈ। ਹਿੰਦੋਸਤਾਨ ਦੀ ਵਰਣ-ਵੰਡ ਪ੍ਰਾਂਰਪਰਾ ਅਨੁਸਾਰ ਜੇਕਰ ਕੋਈ ਸ਼ੂਦਰ ਜਾਂ ਅਛੂਤ ਮਨੁੱਖ ਕਿਸੇ ਉਚ-ਜਾਤੀ ਮਨੁੱਖ ਨਾਲ ਛੂਹ ਜਾਵੇ, ਉਸ ਦਾ ਪ੍ਰਛਾਵਾਂ ਪੈ ਜਾਵੇ ਜਾਂ ਫਿਰ ਉਚ ਜਾਤੀਆਂ ਦੇ ਮੰਦਰ ਜਾਂ ਹੋਰ ਸਥਾਨਾਂ ਉਤੇ ਪ੍ਰਵੇਸ਼ ਕਰ ਜਾਵੇ ਤਾਂ ਉਹ ਉਚ ਜਾਤੀ ਮਨੁੱਖ ਜਾ ਉਹ ਸਥਾਨ ਭਿਟਿਆ ਜਾਂਦਾ ਹੈ ਫਿਰ ਉਨ੍ਹਾਂ ਨੂੰ ਸ਼ੁੱਧ ਕਰਨ ਵਾਸਤੇ ਗਊ ਦੇ ਗੋਬਰ ਅਤੇ ਮੂਤਰ ਨਾਲ ਮੰਤਰ ਪੜ ਕੇ ਸ਼ੁੱਧ ਕੀਤਾ ਜਾਂਦਾ ਹੈ। ਜਿਵੇਂ ਕੁੱਝ ਸਮਾਂ ਪਹਿਲਾਂ ਬਿਹਾਰ ਦੇ ਉਸ ਵੇਲੇ ਦੇ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਮਧੁਵਨੀ ਜ਼ਿਲ੍ਹੇ ਦੇ ਇਕ ਮੰਦਰ ਵਿਚ ਗਏ ਤਾਂ ਉਹ ਮੰਦਿਰ ਭਿੱਟ ਹੋ ਗਿਆ।ਕਿਉਂ ਕਿ ਜੀਤਨ ਰਾਮ ਮਾਂਝੀ ਸ਼ੂਦਰ ਜਾਤ ਨਾਲ ਸਬੰਧਿਤ ਸਨ।ਉਨ੍ਹਾ ਦੇ ਜਾਣ ਤੋਂ ਬਾਅਦ ਮੰਦਰ ਨੂੰ ਸ਼ੁੱਧ ਕੀਤਾ ਗਿਆ। ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਭਿਟ-ਸੁੱਚਮ ਨੂੰ ਬਿਲਕੁਲ ਰੱਦ ਕਰਦੀ ਹੈ ਅਤੇ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ॥ ਦਾ ਸੰਕਲਪ ਪ੍ਰਦਾਨ ਕਰਦੀ ਹੈ।

ਆਉ ਹੁਣ ਸੁੱਚਮ ਦੇ ਦੂਸਰੇ ਰੂਪਾਂ ਦੀ ਗੱਲ ਕਰੀਏ। ਅਸੀਂ ਦੀ ਪ੍ਰਮਾਤਮਾਂ ਦੀ ਪੂਜਾ ਲਈ ਉਸ ਅੱਗੇ ਫੁੱਲ, ਦੁੱਧ, ਪਾਣੀ ਆਦਿ ਸੁੱਚੇ ਪਦਾਰਥ ਚੜਾਉਣ ਦੀ ਗੱਲ ਕਰਦੇ ਹਾਂ। ਪ੍ਰੰਤੂ ਗੁਰੂ ਰਵਿਦਾਸ ਜੀ ਹੁਕਮ ਕਰਦੇ ਹਨ ਦੂਧ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ਭਾਵ ਇਹ ਪਦਾਰਥ ਤਾਂ ਪਹਿਲਾਂ ਹੀ ਜੂਠੇ ਹਨ ਜਿਵੇਂ ਫੁੱਲ ਭੌਰੇ ਨੇ, ਦੁੱਧ ਵਛੜੇ ਨੇ, ਅਤੇ ਪਾਣੀ ਮੱਛੀ ਨੇ ਜੂਠਾ ਕੀਤਾ ਹੋਇਆ ਹੈ। ਇਸ ਕਰਕੇ ਇਹ ਪ੍ਰਮਾਤਮਾਂ ਨੂੰ ਚੜਾਉਣ ਦੇ ਯੋਗ ਨਹੀਂ ਹਨ। ਗੁਰੂ ਜੀ ਇਸ ਤੋਂ ਹੋਰ ਅੱਗੇ ਇਕ ਨਵਾਂ ਸੰਕਲਪ ਦ੍ਰਿੜ ਕਰਾਉਂਦੇ ਹਨ ਕਿ ਤੇਰੋ ਕੀਆ, ਤੁਝਹਿ ਕਿਆ ਅਰਪਉ, ਭਾਵ ਹੇ ਪ੍ਰਮਾਤਮਾਂ ਮੈਂ ਤੇਰੇ ਹੀ ਪੈਦਾ ਕੀਤੇ ਪਦਾਰਥਾਂ ਵਿਚੋਂ ਤੈਨੂੰ ਕੀ ਅਰਪਣ ਕਰਾਂ? ਜੇਕਰ ਮੈਂ ਤੇਰੇ ਹੀ ਪੈਦਾ ਕੀਤੇ ਪਦਾਰਥ ਤੈਨੂੰ ਚੜਾਉਂਦਾਂ ਹਾਂ ਤਾਂ ਫਿਰ ਮੈਂ ਆਪਣੇ ਕੋਲੋਂ ਤੈਨੂੰ ਕੀ ਦਿੱਤਾ? ਇਸ ਕਰਕੇ ਗੁਰੂ ਜੀ ਆਪਣਾ ਤਨ ਅਤੇ ਮਨ ਪ੍ਰਮਾਤਮਾਂ ਨੂੰ ਅਰਪਣ ਕਰਨ ਦਾ ਉਪਦੇਸ਼ ਦਿੰਦੇ ਹਨ:-

ਤਨੁ ਮਨੁ ਅਰਪਉ ਪੂਜ ਚਰਾਵਉ॥ ਗੁਰ ਪਰਸਾਦਿ ਨਿਰੰਜਨੁ ਪਾਵਉ॥
ਪੂਜਾ ਅਰਚਾ ਆਹਿ ਨਾ ਤੋਰੀ॥ ਕਹਿ ਰਵਿਦਾਸ ਕਵਨ ਗਤਿ ਮੋਰੀ॥

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 525

ਮਨੁੱਖ ਆਪਣੇ ਸਰੀਰ ਨੂੰ ਸੁੱਚਾ ਕਰਨ ਲਈ ਅਨੇਕਾਂ ਪ੍ਰਕਾਰ ਦੇ ਉਪਰਾਲੇ ਕਰਦਾ ਹੈ। ਤਰਾਂ-ਤਰਾਂ ਦੇ ਖੁਸ਼ਬੂਦਾਰ ਸਾਬਣਾ ਨਾਲ ਨਹਾਉਣਾ, ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨਾ, ਗੰਗਾ ਜਲ ਨਾਲ ਨਹਾਉਣਾ ਆਦਿ। ਪਰ ਸ਼੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਭਾਈ ਉਹ ਸੁੱਚੇ ਨਹੀਂ ਜੋ ਆਪਣੇ ਪਿੰਡੇ ਅਰਥਾਤ ਸਰੀਰ ਨੂੰ ਧੋ ਕਿ ਬੈਠ ਜਾਂਦੇ ਹਨ।ਅਸਲੀ ਸੁੱਚੇ ਉਹ ਹੁੰਦੇ ਹਨ ਜਿਨ੍ਹਾਂ ਦੇ ਮਨ ਵਿਚ ਪ੍ਰਮਾਤਮਾ ਵਸਿਆ ਹੈ।

ਸੂਚੇ ਏਹਿ ਨਾ ਆਖੀਅਹਿ ਬਹਨਿ ਜਿ ਪਿੰਡਾ ਧੋਇ,
ਸੂਚੇ ਸੇਈ ਨਾਨਕਾ ਜਿਸ ਮਨਿ ਵਸਿਆ ਸੋਇ॥

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 472

ਸੋਚਿਆ ਜਾਵੇ ਨਹਾ ਕੇ ਸੁੱਚੇ ਹੋਣ ਨਾਲ ਹੀ ਪਰਮਾਤਮਾਂ ਮਿਲਦਾ ਹੈ ਜਾਂ ਮੁਕਤੀ ਮਿਲਣੀ ਹੈ? ਸਤਿਗੁਰੂ ਕਬੀਰ ਜੀ ਸਮਝਾਉਂਦੇ ਹਨ ਕਿ ਜੇਕਰ ਇਸ਼ਨਾਨ ਕਰਨ ਨਾਲ ਮੁਕਤੀ ਮਿਲਣੀ ਹੁੰਦੀ ਤਾਂ ਮੇਂਡਕ (ਡੱਡੂ) ਤਾਂ ਸਦਾ ਹੀ ਪਾਣੀ ਵਿਚ ਨਹਾਉਂਦਾ ਰਹਿੰਦਾ ਹੈ ਫਿਰ ਉਹ ਤਾਂ ਕਦੋਂ ਦਾ ਮੁਕਤ ਹੋ ਗਿਆ ਹੁੰਦਾ।

ਜਲ ਕੈ ਮੰਜਨ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰ ਫਿਰ ਜੋਨੀ ਆਵਹਿ॥

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 484

ਸਤਿਗੁਰੂ ਕਬੀਰ ਜੀ ਨੇ ਗਉੜੀ ਰਾਗ ਵਿਚ ਏਹੋ ਜਿਹੇ ਹੋਰ ਕਰਮ-ਕਾਂਡਾ ਨੂੰ ਰੱਦ ਕੀਤਾ ਹੈ ਕਿ ਹੇ ਭਾਈ! ਜੇਕਰ ਨੰਗੇ ਫਿਰਦਿਆਂ ਪ੍ਰਮਾਤਮਾ ਲੱਭ ਪੈਂਦਾ ਤਾਂ ਜੰਗਲ ਦੇ ਸਾਰੇ ਜਾਨਵਰ ਮੁਕਤ ਹੋ ਜਾਂਦੇ, ਜੇਕਰ ਸਿਰ ਮੁਨਾਇਆਂ ਸਿੱਧੀ ਮਿਲ ਸਕਦੀ ਤਾਂ ਕੀ ਕਾਰਨ ਹੈ ਕਿ ਕੋਈ ਵੀ ਭੇਡ ਹੁਣ ਤੱਕ ਮੁਕਤ ਨਹੀਂ ਹੋਈ? ਜੇਕਰ ਬਾਲ-ਜਤੀ ਰਿਹਾਂ ਭਾਵ ਵਿਆਹ-ਸ਼ਾਦੀ ਨਾ ਕਰਾਉਣ ਨਾਲ ਸੰਸਾਰ ਸਮੁੰਦਰ ਤੋਂ ਤਰ ਸਕੀਦਾ ਹੈ ਤਾਂ ਖੁਸਰੇ ਨੂੰ ਮੁਕਤੀ ਕਿਉਂ ਨਹੀਂ ਮਿਲ ਜਾਂਦੀ? ਸਤਿਗੁਰ ਕਬੀਰ ਜੀ ਦ੍ਰਿੜ ਕਰਾਉਂਦੇਂ ਹਨ ਕਿ ਹੇ ਭਰਾਵੋ! ਜਿਹੜੇ ਮਰਜੀ ਕਰਮ-ਕਾਂਡ ਕਰੀ ਜਾਵੋ, ਇਕ ਹਰੀ ਦੇ ਨਾਮ ਤੋਂ ਬਿਨਾ ਕਿਸੇ ਨੂੰ ਵੀ ਮੁਕਤੀ ਨਹੀਂ ਮਿਲਣੀ।

ਨਗਨ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥1॥
ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮ ਰਾਮ ॥1॥ ਰਹਾਉ॥
ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥2॥
ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ॥3॥
ਕਹੁ ਕਬੀਰ ਸੁਨਹੁ ਨਰ ਭਾਈ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ॥4॥

ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 324

ਸਾਨੂੰ ਗੁਰਬਾਣੀ ਦੇ ਇਨ੍ਹਾਂ ਸਿਧਾਂਤਕ ਉਪਦੇਸ਼ਾਂ ਤੋਂ ਇਹ ਸੇਧ ਮਿਲਦੀ ਹੈ ਕਿ ਕਰਮ-ਕਾਂਡਾਂ ਨਾਲ, ਸੰਸਾਰਕ ਪਦਾਰਥਾਂ ਨਾਲ ਪ੍ਰਭ ਦੀ ਪੂਜਾ ਨਹੀਂ ਹੋ ਸਕਦੀ। ਅੱਜ ਜਲ ਪ੍ਰਦੂਸ਼ਣ ਇੰਨਾ ਹੋ ਚੁੱਕਾ ਹੈ ਕਿ ਤੀਰਥਾਂ ਦੇ ਇਸ਼ਨਾਨ ਨਾਲ ਮਨ ਨੇ ਸ਼ੁੱਧ ਤਾਂ ਕੀ ਹੋਣਾ, ਤਨ ਵੀ ਸ਼ੁੱਧ ਨਹੀਂ ਹੁੰਦਾ। ਸਗੋਂ ਚਮੜੀ ਦੇ ਰੋਗ ਲੱਗਣ ਦਾ ਖਦਸ਼ਾ ਹੈ। ਨੰਗੇ ਫਿਰਨਾ, ਸਿਰ ਮੁੰਨਾਉਣਾ, ਬਾਲ-ਜਤੀ ਰਹਿਣਾ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੇ ਧਾਰਮਿਕ ਆਡੰਬਰ ਹੋ ਰਹੇ ਹਨ।ਇਹ ਪ੍ਰਭ ਪ੍ਰਾਪਤੀ ਦਾ ਅਸਲੀ ਮਾਰਗ ਨਹੀਂ।ਵਹਿਮਾਂ-ਭਰਮਾਂ, ਅੰਧ-ਵਿਸ਼ਵਾਸ਼ਾਂ, ਫੋਟਕ ਕਰਮ-ਕਾਂਡਾ ਨੂੰ ਤਿਆਗ ਕੇ ਨਿਰਸਵਾਰਥ ਮਾਨਵਤਾ ਦੀ ਸੇਵਾ ਕਰਦਿਆਂ ਪ੍ਰਭ ਨਾਲ ਜੁੜਨਾ ਹੀ ਮੁਕਤੀ ਦਾ ਸਾਧਨ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਬਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੰਜਾਬ ਬੁੱਧਿਸਟ ਸੁਸਾਇਟੀ ਅਤੇ ਭਿਖਸ਼ੂ ਸੰਘ ਪੰਜਾਬ ਵੱਲੋਂ 'ਕਠਿਨਚੀਵਰਦਾਨ' ਦਾ ਸਮਾਗਮ ਮਨਾਇਆ







**ਲੁਧਿਆਣਾ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਅਤੇ ਭਿਖਸ਼ੂ ਸੰਘ ਪੰਜਾਬ ਵੱਲੋਂ 'ਕਠਿਨਚੀਵਰਦਾਨ' ਦਾ ਸਮਾਗਮ ਬਹੁਤ ਸ਼ਰਧਾ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ। ਭਿਖਸ਼ੂ ਸੰਘ ਵੱਲੋਂ 'ਵਰਸ਼ਾਵਾਸ' ਤਿੰਨ ਮਹੀਨੇ ਪਹਿਲਾਂ ਸ਼ੁਰੂ ਕੀਤਾ ਗਿਆ ਸੀ, ਜਿਸਦੀ ਸਮਾਪਤੀ 'ਕਠਿਨਚੀਵਰਦਾਨ' ਦਾ ਪ੍ਰੋਗਰਾਮ ਕਰਕੇ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ, ਲੁਧਿਆਣਾ ਵਿਖੇ ਕੀਤੀ ਗਈ। ਭਿਖਸ਼ੂ ਪ੍ਰਗਿਆ ਬੋਧੀ ਇੰਚਾਰਜ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਨੇ ਪ੍ਰਵਚਨਾਂ ਵਿਚ ਦੱਸਿਆ ਕਿ ਸ਼ਰਧਾਲੂਆਂ ਵੱਲੋਂ ਮੀਂਹ ਦੇ ਤਿੰਨ ਮਹੀਨੇ ਵਿਚ ਭਿਖਸ਼ੂਆਂ ਦੇ ਭੋਜਨ, ਕੱਪੜਾ, ਦੁੱਧ, ਫਲ, ਦਵਾਈਆਂ ਐ ਚੀਵਰ ਦੇ ਕੇ ਸੇਵਾ ਕੀਤੀ ਜਾਂਦੀ ਹੈ ਅਤੇ ਭਿਖਸ਼ੂ ਧੰਮ ਚਰਚਾ ਸੇਵਾ ਕੀਤੀ ਜਾਂਦੀ ਹੈ ਅਤੇ ਭਿਖਸ਼ੂ ਧੰਮ ਚਰਚਾ ਕਰਕੇ ਉਪਾਸਕਾਂ ਨੂੰ ਧੰਮਦਾਨ ਦਿੰਦੇ ਹਨ। ਇਹਨਾਂ ਤਿੰਨ



ਮਹੀਨਿਆਂ ਬਾਅਦ ਜੋ ਦਾਨ ਬਹੁਤ ਮੁਸ਼ਕਲਿ ਨਾਲ ਭਿਖਸ਼ੂਆਂ ਨੂੰ ਦਿੱਤਾ ਜਾਂਦਾ ਹੈ, ਉਸ ਨੂੰ 'ਕਠਿਨਚੀਵਰਦਾਨ' ਕਿਹਾ ਜਾਂਦਾ ਹੈ।

ਇਹ ਰੀਤੀ ਰਿਵਾਜ਼ ਤਥਾਗਤ ਬੁੱਧ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ। ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਨੇ ਸਭ ਦਾ ਧੰਨਵਾਦ ਕੀਤਾ ਤੇ ਬੁੱਧ ਦੀਆਂ ਸਿੱਖਿਆਵਾਂ ਉਪਰ ਚੱਲਣ ਲਈ ਪ੍ਰੇਰਿਤ ਕੀਤਾ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਤ 'ਮਹਾਂਰਿਸ਼ੀ ਵਾਲਮੀਕ ਚੇਅਰ' ਵੱਲੋਂ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ

**ਪਟਿਆਲਾ–** ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਤ 'ਮਹਾਂਰਿਸ਼ੀ ਵਾਲਮੀਕ ਚੇਅਰ' ਵੱਲੋਂ ਭਗਵਾਨ ਵਾਲਮੀਕ ਜੈਅੰਤੀ (ਪ੍ਰਗਟ ਦਿਵਸ) ਦੇ ਮੌਕੇ ਵਿਸ਼ੇਸ਼ ਪ੍ਰੋਗਰਾਮ ਡਾ. ਸੁਖਵਿੰਦਰ ਕੌਰ ਬਾਠ ਦੁਆਰਾ ਕਰਵਾਇਆ ਗਿਆ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬੀ. ਐਸ. ਘੁੰਮਣ ਜੀ ਨੇ ਕਿਹਾ ਕਿ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਰਚਨਾਵਾਂ ਸਬੰਧੀ ਅਧਿਐਨ ਕੀਤਿਆਂ ਪਤਾ ਲੱਗਦਾ ਹੈ ਕਿ ਭਾਰਤੀ ਸੰਸਕ੍ਰਿਤੀ ਨੇ ਦੁਨੀਆਂ ਭਰ ਤੇ ਰਾਜ ਕੀਤਾ ਹੋਇਆ ਹੈ। ਉਹਨਾਂ ਕਿਹਾ ਕਿ ਅਸੀਂ ਅਧਿਆਤਮਕ ਤੌਰ 'ਤੇ ਕਿੰਨੇ ਅਮੀਰ ਹਾਂ।





ਚੇਅਰ ਦੇ ਮੁਖੀ ਡਾ. ਸੁਖਵਿੰਦਰ ਕੌਰ ਬਾਠ ਨੇ ਭਗਵਾਨ ਵਾਲਮੀਕ ਜੀ ਦੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਵਾਲਮੀਕ ਦੀ ਰਮਾਇਣ ਵਿਚ ਧਰਮ, ਅਰਥ ਤੇ ਕਾਮ ਵਿੱਦਿਆ ਦਾ ਗਿਆਨ ਹੈ। ਤੇ ਦੂਜੇ ਵੱਡੇ ਗ੍ਰੰਥ ਵਿਚ ਮੋਕਸ ਦਾ ਗਿਆਨ ਹੈ। ਇਹ ਦੁਨੀਆਂ ਦਾ ਪਹਿਲਾ ਅਧਿਆਤਮਕ ਗ੍ਰੰਥ ਰਤਨ ਹੈ। ਉਹਨਾਂ ਨੇ ਵਾਈਸ ਚਾਂਸਲਰ ਸਾਹਿਬ ਅੱਗੇ ਪ੍ਰਾਜੈਕਟ ਰੱਖਿਆ ਕਿ ਅਸੀਂ ਮੋਕਸ ਪਾਏ ਗ੍ਰੰਥ ਯੋਗਵਸ਼ਿਸ਼ਟ ਦਾ ਪੰਜਾਬੀ ਵਿਚ ਅਨੁਵਾਦ ਕਰਵਾਉਣਾ ਹੈ। ਵੀ. ਸੀ. ਸਾਹਿਬ ਨੇ ਪ੍ਰਾਜੈਕਟਾਂ ਵਿਚ ਪੂਰੀ ਮਦਦ ਦੇਣ ਦਾ ਵਾਅਦਾ ਕੀਤਾ।

ਵਾਲਮੀਕ ਸਮਾਜ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚੇ ਪ੍ਰਧਾਨ ਜਤਿੰਦਰ ਰਾਜੀ ਨੇ ਆਪਣੇ ਵਿਚਾਰ ਰੱਖੇ। ਉਹਨਾਂ ਕਿਹਾ ਕਿ ਚੇਅਰ ਲਈ ਜੋ ਵੀ ਪੈਸੇ ਦੀ ਜ਼ਰੂਰਤ ਹੈ, ਉਹ ਮਹਰਾਣੀ ਪ੍ਰਨੀ ਕੌਰ ਜੀ ਤੋਂ ਜ਼ਰੂਰ ਪੂਰੀ ਕਰਵਾਉਣਗੇ। ਭਗਵਾਨ ਵਾਲਮੀਕ ਰਿਸਰਚ ਚੇਅਰ ਤੇ ਤਨ-ਮਨ-ਧਨ ਨਾਲ ਪੂਰੀ ਮਦਦ ਕਰਨ ਲਈ ਤਿਆਰ ਹਨ। ਵੀ. ਸੀ. ਸਾਹਿਬ ਨਾਲ ਡੀਨ ਅਕਾਦਮਿਕ ਮਾਮਲੇ ਡਾ. ਗੁਰਦੀਪ ਸਿੰਘ ਬੱਤਰਾ, ਰਜਿਸਟਰਾਰ ਡਾ. ਮਨਜੀਤ ਸਿੰਘ, ਡਾਇਰੈਕਟਰ ਮਨੁੱਖੀ ਸਰੋਤ ਵਿਕਾਸ ਕੇਂਦਰ ਡਾ. ਯੋਗਰਾਜ ਸਿੰਘ ਵੀ ਪਹੁੰਚੇ।


## ਸਖ਼ਤ ਸੁਰੱਖਿਆ ਹੇਠ ਸ਼ਬਰੀਮਾਲਾ ਮੰਦਰ ਦੇ ਦੁਆਰ ਖੋਲ੍ਹੇ

**ਸ਼ਬਰੀਮਾਲਾ–** ਬੀਤੀ ਸ਼ਾਮੀਂ ਇੱਥੇ ਅਯੱਪਾ ਮੰਦਰ ਵਿਚ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਦੋ ਰੋਜ਼ਾ ਵਿਸ਼ੇਸ਼ ਪੂਜਾ ਅਰਚਨਾ ਲਈ ਦੁਆਰ ਖੋਲ੍ਹੇ ਗਏ। ਤਿੰਨ ਹਫ਼ਤੇ ਪਹਿਲਾਂ ਸੁਪਰੀਮ ਕੋਰਟ ਨੇ ਇਸ ਮੰਦਰ ਵਿਚ ਔਰਤਾਂ ਨੂੰ ਮੱਥਾ ਟੇਕਣ ਦਾ ਹੱਕ ਦਿੱਤਾ ਸੀ। ਹਾਲਾਂਕਿ ਅੱਜ ਮੰਦਰ ਦੇ ਆਸ ਪਾਸ 10-50 ਸਾਲ ਦੀ ਉਮਰ ਦੀ ਕੋਈ ਔਰਤ ਨਜ਼ਰ ਨਹੀਂ ਆਈ ਪਰ ਪੁਲੀਸ ਨੇ ਦੱਸਿਆ ਕਿ ਉਨ੍ਹਾਂ ਨੂੰ ਇਤਲਾਹ ਮਿਲੀ ਹੈ ਕਿ 25 ਸਾਲ ਦੀ ਇਕ ਔਰਤ ਆਪਣੇ ਪਤੀ ਤੇ ਬੱਚਿਆਂ ਸਹਿਤ ਮੰਦਰ ਵੱਲ ਆ ਰਹੀ ਹੈ।ਇਸ ਔਰਤ ਦੀ ਪਛਾਣ ਅੰਜੂ ਅਲਾਪੁੜਾ ਜ਼ਿਲੇ ਵਿਚ ਚੇਰਥਾਲਾ ਵਾਸੀ ਵਜੋਂ ਹੋਈ ਹੈ ਜੋ ਪੁਲੀਸ ਕੰਟਰੋਲ ਰੂਮ ਵਿਚ ਪੁੱਜ ਗਈ ਹੈ। ਉਹ ਸ਼ਬਰੀਮਾਲਾ ਮੰਦਰ ਵਿਚ ਮੱਥਾ ਟੇਕਣ ਲਈ ਪੁਲੀਸ ਤੋਂ ਸੁਰੱਖਿਆ ਮੰਗ ਰਹੀ ਹੈ ਪਰ ਇਸ ਸਬੰਧੀ ਦੇਰ ਰਾਤ ਤੱਕ ਕੋਈ ਫੈਸਲਾ ਨਹੀਂ ਹੋ ਸਕਿਆ ਸੀ। ਸ਼ਬਰੀਮਾਲਾ ਦੇ ਚੱਪੇ ਚੱਪੇ 'ਤੇ ਪੁਲੀਸ ਦਾ ਪਹਿਰਾ ਹੈ ਤੇ ਬਹੁਤ ਸਾਰੀਆਂ ਥਾਵਾਂ 'ਤੇ ਸਰਵੇਲੈਂਸ ਕੈਮਰੇ ਤੇ ਬਾਈਲ ਫੋਨ ਜੈਮਰ ਲਾਏ ਗਏ ਹਨ। ਕੇਰਲਾ ਸਰਕਾਰ ਨੇ ਮੰਦਰ ਵਿਚ ਔਰਤਾਂ ਨੂੰ ਮੱਥਾ ਟੇਕਣ ਦਾ ਹੱਕ ਦੇਣ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਲਾਗੂ ਕਰਾਉਣ ਦਾ ਅਹਿਦ ਲਿਆ ਹੈ। ਮੰਦਰ ਦੇ ਮੁੱਖ ਪੁਜਾਰੀ ਕੰਦਾਰਾਰੂ ਰਾਜੀਵਰੂ ਤੇ ਊਨੀਕ੍ਰਿਸ਼ਨਨ ਨੰਬੂਤਿਰੀ ਦੋਵਾਂ ਨੇ ਸ਼ਾਮੀਂ ਪੰਜ ਵਜੇ ਮੰਦਰ ਦੇ ਦੁਆਰ ਖੋਲ੍ਹੇ। ਮੰਦਰ ਦੇ ਅਹਿਲਕਾਰਾਂ ਮੁਤਾਬਕ ਮੰਦਰ ਦੇ ਦੁਆਰ ਭਲਕੇ ਰਾਤੀਂ ਦਸ ਵਜੇ ਬੰਦ ਕੀਤੇ ਜਾਣਗੇ। ਇਸ ਮੌਕੇ ਭਾਜਪਾ ਦੇ ਕਈ ਆਗੂ ਤੇ ਅਯੱਪਾ ਧਰਮ ਸੈਨਾ ਦੇ ਮੁਖੀ ਰਾਹੁਲ ਈਸ਼ਵਰ ਵੀ ਪਹੁੰਚੇ ਹੋਏ ਸਨ।

## 'ਆਪ' ਦਾ ਰੇੜਕਾ: ਤੀਜਾ ਫਰੰਟ ਉਸਾਰਨ ਲਈ ਸਰਗਰਮੀਆਂ ਤੇਜ਼

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਵੱਲੋਂ ਆਪਣੇ ਦੋ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਅਤੇ ਕੰਵਰ ਸੰਧੂ ਨੂੰ ਮੁਅੱਤਲ ਕਰਨ ਨਾਲ ਹੀ ਪੰਜਾਬ ਵਿਚ ਤੀਜਾ ਸਿਆਸੀ ਫਰੰਟ ਉਸਾਰਨ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸ੍ਰੀ ਖਹਿਰਾ ਵਿਧਾਇਕੀ ਤੋਂ ਅਸਤੀਫ਼ਾ ਦੇ ਕੇ ਤੀਜੇ ਫਰੰਟ ਦੀ ਅਗਵਾਈ ਕਰ ਸਕਦੇ ਹਨ।

ਬਾਗੀ ਧੜੇ ਨੇ ਸੋਮਵਾਰ ਨੂੰ ਆਪਣੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਦੀ ਹੰਗਾਮੀ ਮੀਟਿੰਗ ਸੱਦ ਲਈ ਹੈ। ਸੂਤਰਾਂ ਅਨੁਸਾਰ 'ਆਪ' ਦਾ ਬਾਗੀ ਧੜਾ ਪਹਿਲਾਂ ਹੀ ਤੀਜਾ ਸਿਆਸੀ ਫਰੰਟ ਉਸਾਰਨ ਲਈ ਯੂਨਾਈਟਿਡ ਅਕਾਲੀ ਦਲ, ਬਹੁਜਨ ਸਮਾਜ ਪਾਰਟੀ, ਲੋਕ ਇਨਸਾਫ਼ ਪਾਰਟੀ ਅਤੇ ਕੁਝ ਹੋਰ ਸਿਆਸੀ ਧਿਰਾਂ ਨਾਲ ਬੈਠਕਾਂ ਕਰ ਚੁੱਕਿਆ ਹੈ। ਸੰਪਰਕ ਕਰਨ 'ਤੇ ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਪੁਸ਼ਟੀ ਕੀਤੀ ਕਿ ਸ੍ਰੀ ਖਹਿਰਾ ਦੇ ਧੜੇ ਸਮੇਤ ਬਸਪਾ ਅਤੇ ਲੋਕ ਇਨਸਾਫ਼ ਪਾਰਟੀ ਆਦਿ ਨਾਲ ਤੀਜਾ ਸਿਆਸੀ ਫਰੰਟ ਉਸਾਰਨ ਦੇ ਸਬੰਧ ਵਿਚ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਉਸਾਰੂ ਢੰਗ ਨਾਲ ਗੱਲ ਅੱਗੇ ਵੱਧ ਰਹੀ ਹੈ। ਸੂਤਰਾਂ ਅਨੁਸਾਰ ਫਰੰਟ ਨੇ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੌਰਾਨ ਬਸਪਾ ਸੁਪਰੀਮੋ ਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੂੰ ਪ੍ਰਧਾਨ ਮੰਤਰੀ ਦੀ ਉਮੀਦਵਾਰ ਮੰਨਣ ਦੀ ਗੱਲ ਤੈਅ ਕਰ ਲਈ ਹੈ। ਪੰਜਾਬ ਲਈ ਇਸ ਫਰੰਟ ਵੱਲੋਂ ਸ੍ਰੀ ਖਹਿਰਾ ਨੂੰ ਆਪਣਾ ਲੀਡਰ ਮੰਨਣ 'ਤੇ ਸਹਿਮਤੀ ਬਣ ਰਹੀ ਹੈ ਅਤੇ ਜੇ ਸਾਰੀਆਂ ਧਿਰਾਂ ਨੇ ਉਨ੍ਹਾਂ ਨੂੰ ਆਪਣਾ ਆਗੂ ਮੰਨ ਲਿਆ ਤਾਂ ਉਹ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਨਵੀਂ ਸਿਆਸੀ ਪਾਰੀ ਸ਼ੁਰੂ ਕਰ ਸਕਦੇ ਹਨ। 'ਆਪ' ਵਿਚੋਂ ਪਹਿਲਾਂ ਹੀ ਮੁਅੱਤਲ ਕੀਤੇ ਜਾ ਚੁੱਕੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਖਹਿਰਾ ਧੜੇ ਨਾਲ ਬੰਦ ਕਮਰਾ ਮੀਟਿੰਗ ਕਰਨ ਦੀ ਪੁਸ਼ਟੀ ਕਰ ਚੁੱਕੇ ਹਨ ਅਤੇ ਉਨ੍ਹਾਂ ਵੀ ਫਰੰਟ ਵਿਚ ਸ਼ਾਮਲ ਹੋਣ ਦੇ ਸੰਕੇਤ ਦਿੱਤੇ ਹਨ। ਇਸ ਸਥਿਤੀ ਵਿਚ 'ਆਪ' ਦੇ ਬਾਗੀ ਧੜੇ ਦੀ ਪੀਏਸੀ ਦੀ 5 ਨਵੰਬਰ ਨੂੰ ਹੋ ਰਹੀ ਮੀਟਿੰਗ ਵਿਚ ਹੰਗਾਮੀ ਫੈਸਲੇ ਹੋਣ ਦੀ ਸੰਭਾਵਨਾ ਹੈ। ਸੂਤਰਾਂ ਅਨੁਸਾਰ ਬਾਦਲ ਦਲ ਤੋਂ ਬਗ਼ਾਵਤ ਕਰ ਰਹੇ ਕਈ ਟਕਸਾਲੀ ਆਗੂਆਂ ਨੂੰ ਵੀ ਫਰੰਟ ਨਾਲ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ।



ਹਰਿਆਣੇ ਦੀ ਬੇਟੀ, ਟੋਹਾਣਾ ਦੀ 22 ਸਾਲਾ ਜਯੋਤੀ ਚੌਹਾਨ ਵਾਲਮੀਕ ਨੂੰ ਲੈਫਟੀਨੈਂਟ ਬਣਨ ਅਤੇ ਉਹਨਾਂ ਨੂੰ ਭਾਰਤੀ ਫੌਜ ਵਿਚ ਸਥਾਈ ਕਮਿਸ਼ਨ ਮਿਲਣ ਤੇ ਹਾਰਦਿਕ ਵਧਾਈ ਅਤੇ ਸ਼ੁਭਕਾਮਨਾਵਾਂ। ਉਹਨਾਂ ਨੇ ਟੋਹਾਣਾ ਦਾ ਹੀ ਨਹੀਂ ਬਲਕਿ ਪੂਰੇ ਸੂਬੇ ਦਾ ਮਾਣ ਵਧਾਇਆ ਹੈ। ਸਾਨੂੰ ਉਹਨਾਂ ਤੇ ਮਾਣ ਹੈ।



ਖੱਬੇ ਤੋਂ ਸੱਜੇ- ਜਗਮੋਹਨ ਰਾਣਾ, ਜੀਤੂ ਮੁਲਤਾਨੀ, ਮਾਤਾ ਜੀ ਸੁਰਿੰਦਰ ਕੌਰ , ਬਾਬਾ ਜੀ ਅਮਰਜੀਤ ਸਿੰਘ, ਸਤਨਾਮ ਮੁਲਤਾਨੀ, ਹਰਕਮਲ ਸਿੰਘ, ਹਰਦੀਪ ਸਿੰਘ, ਮੇਅਰ ਬਾਬਾ ਜੀ ਅਮਰਜੀਤ ਸਿੰਘ ਨਾਨਕ ਦਰਬਾਰ ਨਵੀਂ ਦਿੱਲੀ ਵਾਲਿਆਂ ਨਾਲ ਕੈਲੇਫੋਰਨੀਆ ਦੀ ਫੇਰੀ ਦੌਰਾਨ।



27ਵੇਂ ਕੀਰਤਨ ਦਰਬਾਰ ਤੇ ਸ੍ਰੀ ਰਾਜੇਸ਼ ਬਾਘਾ ਜੀ ਉਪ-ਪ੍ਰਧਾਨ ਭਾਜਪਾ ਪੰਜਾਬ ਦਾ ਵਿਸ਼ੇਸ਼ ਸਨਮਾਨ ਖਾਲਸਾ ਨੋਜਵਾਨ ਸਭਾ ਰਾਮਾ ਮੰਡੀ ਜਲੰਧਰ ਅਤੇ ਭਾਈ ਰਵਿੰਦਰ ਸਿੰਘ ਜੀ ਹਜੂਰੀ ਰਾਗੀ ਸਚਖੰਡ ਸ੍ਰੀ ਦਰਬਾਰ ਸਾਹਿਬ ਜੀ ਵਲੋਂ ਕੀਤਾ ਗਿਆ।

# ਤ੍ਰਿਪਤ ਬਾਜਵਾ ਨੇ ਖੇਡਾਂ ਵਿਚੋਂ ਨਸ਼ਾ ਖਤਮ ਕਰਨ ਲਈ ਖੇਡ ਕਲੱਬਾਂ ਨੂੰ ਡੋਪ ਟੈਸਟ ਲਾਗੂ ਕਰਨ ਦਾ ਸੱਦਾ ਦਿੱਤਾ

**ਬਟਾਲਾ (ਨਰਿੰਦਰ ਬਰਨਾਲ)** – ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸੂਬੇ ਦੀਆਂ ਖੇਡ ਕਲੱਬਾਂ ਅਤੇ ਸੰਸਥਾਵਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਖੇਡਾਂ ਨੂੰ ਨਸ਼ਾ ਮੁਕਤ ਕਰਨ ਲਈ ਹਰ ਖੇਡ ਟੂਰਨਾਮੈਂਟ ਮੌਕੇ ਖਿਡਾਰੀਆਂ ਦਾ ਡੋਪ ਟੈਸਟ ਕਰਨ ਦੀ ਪਿਰਤ ਪਾਉਣ। ਬੀਤੀ ਸ਼ਾਮ ਪਿੰਡ ਹਰਚੋਵਾਲ ਦੇ ਬਾਬਾ ਬੰਦਾ ਸਿੰਘ ਬਹਾਦਰ ਖੇਡ ਸਟੇਡੀਅਮ ਵਿਖੇ ਸਮਾਜ ਸੇਵੀ ਸੰਸਥਾ ਸੰਕਲਪ ਵਲੋਂ ਕਰਾਏ ਹਾਕੀ ਗੋਲਡ ਕੱਪ, ਵਾਲੀਬਾਲ ਗੋਲਡ ਕਲੱਬ ਅਤੇ ਅਥਲੈਟਿਕਸ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਮੌਕੇ ਕੈਬਨਿਟ ਮੰਤਰੀ ਸ. ਬਾਜਵਾ ਨੇ ਕਿਹਾ ਕਿ ਦੇਖਣ ਵਿੱਚ ਆਇਆ ਹੈ ਕਿ ਕੁਝ ਖੇਡਾਂ ਵਿੱਚ ਖਿਡਾਰੀ ਵਧੀਆ ਪ੍ਰਦਸ਼ਨ ਕਰਨ ਲਈ ਨਸ਼ੇ ਦਾ ਸਹਾਰਾ ਲੈਂਦੇ ਹਨ ਜੋ ਕਿ ਬਹੁਤ ਗਲਤ ਹੈ ਅਤੇ ਇਹ ਬੰਦ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਖੇਡਾਂ ਕਰਾਉਣ ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜਨਾ ਹੁੰਦਾ ਹੈ ਪਰ ਜੇਕਰ ਕੁਝ ਖਿਡਾਰੀ ਹੀ ਨਸ਼ਾ ਕਰਕੇ ਖੇਡਣਗੇ ਤਾਂ ਇਸ ਅੱਤ ਮਾੜੇ ਰੁਝਾਨ ਨੂੰ ਸਖਤੀ ਨਾਲ ਰੋਕਣਾ ਸਮਾਜ ਦੀ ਜਿੰਮੇਵਾਰੀ ਹੈ। ਉਹਨਾਂ ਖੇਡ ਸੰਸਥਾਵਾਂ ਨੂੰ ਕਿਹਾ ਕਿ ਉਹ ਖੇਡਾਂ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਡੋਪ ਟੈਸਟ ਲਾਜ਼ਮੀ ਕਰਨ।

ਹਰਚੋਵਾਲ ਦੀ ਸਮਾਜ ਭਲਾਈ ਸੰਸਥਾ ਸੰਕਪਲ ਵਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਲਏ ਸੰਕਲਪ ਦੀ ਸਰਾਹਨਾ ਕਰਦਿਆਂ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦਾ ਚੰਗਾ ਉਪਰਾਲਾ ਹੈ ਜਿਸਦੀ ਸੂਬਾ ਸਰਕਾਰ ਵਲੋਂ ਪੂਰੀ ਮਦਦ ਕੀਤੀ ਜਾਵੇਗੀ। ਸ. ਬਾਜਵਾ ਨੇ ਸਟੇਡੀਅਮ ਵਿੱਚ ਪਵੇਲੀਅਨ ਦੀ ਉਸਾਰੀ ਲਈ ਮੌਕੇ 'ਤੇ 10 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਦਿੰਦਿਆਂ ਕਿਹਾ ਕਿ ਸਟੇਡੀਅਮ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ•ਾਂ ਕਿਹਾ ਕਿ 31 ਦਸੰਬਰ ਤੱਕ ਸਟੇਡੀਅਮ ਵਿੱਚ ਪਵੇਲੀਅਨ ਤਿਆਰ ਕਰਕੇ ਲਾਈਟਾਂ ਲਗਾ ਦਿੱਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਹਰਚੋਵਾਲ ਦਾ ਇਹ ਖੇਡ ਮੈਦਾਨ ਰਿਆੜਕੀ ਇਲਾਕੇ ਦੀ ਖੇਡ ਪਨੀਰੀ ਨੂੰ ਤਿਆਰ ਕਰੇਗਾ ਅਤੇ ਭਵਿੱਖ ਦੇ ਖਿਡਾਰੀ ਇਥੋਂ ਪੈਦਾ ਹੋਣਗੇ।



ਇਸ ਤੋਂ ਪਹਿਲਾਂ ਵੀ ਸ. ਬਾਜਵਾ 8 ਲੱਖ ਰੁਪਏ ਦੀ ਗ੍ਰਾਂਟ ਸਟੇਡੀਅਮ ਲਈ ਦੇ ਚੁੱਕੇ ਹਨ। ਇਸ ਮੌਕੇ ਸ. ਬਾਜਵਾ ਨੇ ਖੇਡਾਂ ਵਿੱਚ ਅੱਵਲ ਆਉਣ ਵਾਲੇ ਬੱਚਿਆਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਸੰਕਲਪ ਸੰਸਥਾ ਦੇ ਪ੍ਰਧਾਨ ਗੁਰਿੰਦਰਪਾਲ ਸਿੰਘ ਸਾਬੀ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ। ਐਸ ਆਈ ਰਣਜੋਧ ਸਿੰਘ, ਐਸ ਆਈ ਜੋਗਿੰਦਰ ਸਿੰਘ, ਪ੍ਰਿੰਸੀਪਲ ਕੈਪਟਨ ਸਿੰਘ, ਸ੍ਰੀ ਮੰਗਲ ਦਾਸ, ਸੋਹਨ ਸਿੰਘ ਔਲਖ, ਕਸਤੂਰੀ ਲਾਲ ਸੇਠ, ਸ੍ਰ ਬਲਜੀਤ ਸਿੰਘ ਭਾਮ, ਰਵਿੰਦਰ ਸਿੰਘ, ਗੁਰਤਾਰ ਸਿੰਘ, ਪ੍ਰਿਸੀਪਲ ਦੀਪਇੰਦਰ ਸਿੰਘ, ਲੈਕ ਦਿਲਬਾਗ ਸਿੰਘ, ਪ੍ਰਿੰਸੀਪਲ ਸੁਲੱਖਣ ਸਿੰਘ, ਰਣਜੋਧ ਸਿੰਘ ਰਿਆੜ, ਰਜਿੰਦਰਪਾਲ ਸਿੰਘ ਢਿੱਲੋਂ, ਦਵਿੰਦਰ ਸਿੰਘ ਪੱਪੀ, ਗੁਰਮੀਤ ਸਿੰਘ ਮਠੋਲਾ, ਅਮਰਜੀਤ ਸਿੰਘ ਹਰਚੋਵਾਲ, ਗੁਰਵਿੰਦਰ ਸਿੰਘ ਗੋਰਾ, ਐਸ ਆਈ ਪਰਮਿੰਦਰ ਸਿੰਘ ਆਦਿ ਹਾਜਰ ਸਨ।

# ਪੁਰਾਤਨ ਪੰਜਾਬ ਨਾਲ ਜੁੜੀ ਮਨੋਰੰਜਨ ਭਰਪੂਰ ਫ਼ਿਲਮ ਹੋਵੇਗੀ ਫ਼ਿਲਮ 'ਲਾਟੂ'









'ਅੰਗਰੇਜ' ਤੋਂ ਬਾਅਦ ਪੁਰਾਤਨ ਵਿਰਸੇ ਦੀ ਪੇਸ਼ਕਾਰੀ ਕਰਦੀਆਂ ਅਨੇਕਾਂ ਫ਼ਿਲਮਾਂ ਦਾ ਨਿਰਮਾਣ ਹੋਇਆ ਜਿਸ ਦਾ ਵਿਸ਼ਾ ਵਿਆਹਾਂ ਦੇ ਕਾਮੇਡੀ ਭਰੇ ਮਾਹੌਲ ਤੱਕ ਸਿਮਟ ਕੇ ਰਹਿ ਗਿਆ। ਪੰਜਾਬੀ ਸਿਨੇਮਾ ਵਿਹੜੇ ਜਿਹੜੀ ਫ਼ਿਲਮ ਦੀ ਚਰਚਾ ਹੁਣ ਹੋ ਰਹੀ ਹੈ ਉਹ ਵੀ ਪੁਰਾਤਨ ਵੇਲਿਆਂ ਦੀ ਇੱਕ ਦਿਲਚਸਪ ਮਾਹੌਲ ਨਾਲ ਜੁੜੀ ਰੁਮਾਂਟਿਕਤਾ ਭਰੀ ਸੰਗੀਤਕ ਤੇ ਪਰਿਵਾਰਕ ਫ਼ਿਲਮ ਹੈ। 1960 ਦਾ ਉਹ ਸਮਾਂ ਜਦ ਪੰਜਾਬ ਵਿੱਚ ਬਿਜਲੀ ਆਉਣ ਦੀ ਖੁਸ਼ੀ ਹਰ ਘਰ ਹਰ ਪਿੰਡ ਮਨਾਈ ਸੀ। ਦੀਵੇ ਦੇ ਚਾਨਣ 'ਚ ਗੁਜਾਰਾ ਕਰਨ ਵਾਲੇ ਜਗਮਗਾਉਂਦੇ ਲਾਟੂ ਦੇ ਦੀਵਾਨੇ ਹੋਏ ਸਨ ਪਰ ਉਸ ਵੇਲੇ ਇਹ ਲਾਟੂ ਲਗਵਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ।

ਗਾਇਕਾਂ ਦਾ ਫ਼ਿਲਮੀ ਪਰਦੇ 'ਤੇ ਆਉਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ ਤੇ ਹੁਣ ਚੰਗੀ ਗਾਇਕੀ ਨਾਲ ਵੱਖਰੀ ਪਛਾਣ ਬਣਾਉਣ ਵਾਲਾ ਗਾਇਕ ਗਗਨ ਕੋਕਰੀ ਵੀ ਫ਼ਿਲਮ 'ਲਾਟੂ' ਨਾਲ ਪੰਜਾਬੀ ਸਿਨਮਾ ਦੇ ਬੂਹੇ ਦਸਤਕ ਦੇ ਰਿਹਾ ਹੈ। ਇਸ ਫ਼ਿਲਮ ਵਿੱਚ ਉਹ ਠੇਠ ਮਲਵਈ ਦਿੱਖ 'ਚ ਕੁੜਤਾ ਚਾਦਰਾ ਤੇ ਲੜ੍ਹ ਛੱਡਵੇਂ 'ਸਾਫੇ 'ਚ ਬਤੌਰ ਨਾਇਕ ਅਦਾਕਾਰਾ ਅਦਿੱਤੀ ਸ਼ਰਮਾਂ ( ਅੰਗਰੇਜ਼ ਵਾਲੀ ਮਾੜੋ) ਨਾਲ ਪਿਆਰ ਦੀਆਂ ਪੀਘਾਂ ਝੂਟਦਾ ਨਜ਼ਰ ਆਵੇਗਾ।

ਫ਼ਰੀਦ ਇੰਟਰਟੇਂਨਮੈਂਟ ਦੇ ਬੈਨਰ ਹੇਠ ਨਿਰਮਾਤਾ ਜਗਮੀਤ ਸਿੰਘ ਰਾਣਾ (ਰਾਜਾ ਢਾਬਾ ਖਮਾਣੋ) ਤੇ ਸਹਿ ਨਿਰਮਾਤਾ ਵਿਕਾਸ ਵਧਵਾ(ਡਾਨਫੋਰਡ ਕਾਲਜ ਆਸਟਰੇਲੀਆ) ਦੀ ਫ਼ਿਲਮ ਦੀ ਕਹਾਣੀ ਵਿੱਚ ਇਲਾਕੇ ਦੇ ਸਲੇਮਪੁਰੀਏ ਅਤੇ ਦੋਦੜੇ ਵਾਲਿਆਂ ਦੋ ਸਰਦਾਰਾਂ ਨੂੰ ਵਿਖਾਇਆ ਗਿਆ ਜਿੰਨ੍ਹਾਂ ਨੂੰ ਆਪਣੀ 'ਮੁੱਛ' 'ਤੇ ਬੜਾ ਮਾਣ ਹੈ। ਜਦ ਇੰਨ੍ਹਾਂ ਦੇ ਹੀ ਪਰਿਵਾਰਾਂ ਦੇ ਬੱਚੇ ਆਪਸ ਵਿੱਚ ਪਿਆਰ ਕਰਨ ਲੱਗਦੇ ਹਨ ਤਾਂ ਫ਼ਿਲਮ ਦੀ ਕਹਾਣੀ ਅਨੇਕਾਂ ਮੋੜ ਲੈਂਦੀ ਹੇ।

ਗੱਜਣ ਸਿੰਘ ਦੇ ਵਿਹੜੇ ਵਿੱਚ ਜਗਦਾ 'ਲਾਟੂ' ਦੋਵਾਂ ਦੇ ਪਿਆਰ ਵਿੱਚ ਅਨੇਕਾਂ ਪੁਆੜੇ ਖੜੇ ਕਰਦਾ ਹੈ। ਬਿਜਲੀ ਦੇ ਲਾਟੂ ਦੇ ਦੁਆਲੇ ਘੁੰਮਦੀ ਇਹ ਫ਼ਿਲਮ ਪੁਰਾਤਨ ਸੱਭਿਆਚਾਰ ਤੇ ਰੀਤੀ ਰਿਵਾਜਾਂ ਦੀ ਵਿਲੱਖਣ ਪੇਸ਼ਕਾਰੀ ਹੋਵੇਗੀ। ਫ਼ਿਲਮ ਵਿੱਚ ਉਸ ਵੇਲਿਆਂ ਦੀ ਸਾਰਥਕ ਕਾਮੇਡੀ ਵੀ ਦਰਸ਼ਕਾਂ ਦਾ ਚੰਗਾ ਮਨੋਰੰਜਨ ਕਰੇਗੀ।

ਨਿਰਦੇਸ਼ਕ ਮਾਨਵ ਸ਼ਾਹ ਵੱਲੋਂ ਨਿਰਦੇਸ਼ਿਤ ਇਸ ਫ਼ਿਲਮ ਦਾ ਸਕਰੀਨ ਪਲੇਅ ਧੀਰਜ ਰਤਨ ਨੇ ਲਿਖਿਆ ਹੈ ਜਦਕਿ ਡਾਇਲਾਗ ਸੁਰਮੀਤ ਮਾਵੀਂ ਨੇ ਲਿਖੇ ਹਨ। ਫ਼ਿਲਮ ਵਿੱਚ ਗਗਨ ਕੋਕਰੀ, ਅਦਿੱਤੀ ਸ਼ਰਮਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਆਸ਼ੀਸ ਦੁੱਗਲ, ਕਰਮਜੀਤ ਅਨਮੋਲ, ਨਿਸ਼ਾ ਬਾਨੋ, ਅਨੀਤਾ ਦੇਵਗਨ, ਹਰਦੀਪ ਗਿੱਲ, ਪ੍ਰਿੰਸ ਕੰਵਲਜੀਤ ਸਿੰਘ, ਰਾਹੁਲ ਜੁਗਰਾਲ,ਮਲਕੀਤ ਰੌਣੀ, ਸੁਖਦੇਵ ਬਰਨਾਲਾ,ਹਰਿੰਦਰ ਭੁੱਲਰ, ਦਿਲਾਵਰ ਸਿੱਧੂ, ਪ੍ਰਕਾਸ ਗਾਧੂ, ਜਤਿੰਦਰ ਕੌਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਦਰਸ਼ਕ ਪਹਿਲੀ ਵਾਰ ਸਰਦਾਰ ਸੋਹੀ ਤੇ ਆਸ਼ੀਸ ਦੁੱਗਲ ਨੂੰ ਜਬਰਦਸਤ ਘੈਂਟ ਕਿਰਦਾਰਾਂ 'ਚ ਪਰਦੇ 'ਤੇ ਵੇਖਣਗੇ। ਜਤਿੰਦਰ ਸ਼ਾਹ ਵਲੋਂ ਦਿੱਤਾ ਫ਼ਿਲਮ ਦਾ ਗੀਤ ਸੰਗੀਤ ਵੀ ਬਹੁਤ ਵਧੀਆ ਹੈ। ਪਿਆਰ-ਮੁਹੱਬਤਾਂ ਦੀ ਬਾਤ ਪਾਉਂਦੀ ਇਹ ਫ਼ਿਲਮ 'ਲਾਟੂ' 16 ਨਵੰਬਰ ਨੂੰ ਸਿਨੇਮਾਘਰਾਂ 'ਚ ਪਰਦਾਪੇਸ਼ ਹੋਵੇਗੀ।

**– ਹਰਜਿੰਦਰ ਸਿੰਘ ਜਵੰਦਾ**

# ਭਾਰਤ ਨੂੰ ਭ੍ਰਿਸਟਾਚਾਰ ਮੁਕਤ ਕਰਨ ਵਿਚ ਹਰ ਨਾਗਰਿਕ ਸਹਿਯੋਗ ਦੇਵੇ

**ਅਲਾਵਲਪੁਰ (ਮਦਨ ਬੰਗੜ)**– ਡਾਕਟਰ ਬੀ.ਆਰ ਅੰ-ਬੇਡਕਰ ਯੂਥ ਕਲੱਬ ਅਤੇ ਨਹਿਰੂ ਯੁਵਾ ਕੇਂਦਰ ਦੇ ਸਹਿਯੋਗ ਨਾਲ ਯੂਥ ਕੋਆਰਡੀਨੇਟਰ ਸੈਮਸਨ ਮਸੀਹ ਦੀ ਅਗਵਾਈ ਅਤੇ ਪ੍ਰੋਜੈਕਟਅਫਸ਼ਰ ਸੰਦੀਪ ਦੀ ਨਿਗਰਾਨੀ ਹੇਠ ਸੰਕਲਪ ਸੇ ਸਿਧੀ ਦੇਤਹਿਤ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਹਲਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ ਅਤੇ ਪ੍ਰੋਜੈਕਟ ਅਫਸ਼ਰ ਸੰਦੀਪ ਨੇ ਕਿਹਾ ਭਾਰਤ ਨੂੰ ਭ੍ਰਿਸਟਾਚਾਰ ਮੁਕਤ ਕਰਨ ਦੇ ਸੰਕਲਪ ਨਾਲ ਹਰ ਨਾਗਰਿਕ ਸਹਿਯੋਗ ਦੇਵੇ। ਉਨ੍ਹਾਂ ਨੇ ਕਿਹਾ ਗਰੀਬੀ ਅਤੇ ਬੇਰੁਜਗਾਰੀ ਦੇ ਖਾਤਮੇ ਲਈ ਜਿਥੇ ਸਰਕਾਰ ਰਾਤ ਦਿਨ ਕੰਮ ਕਰ ਰਹੀ ਹੈ ਉਥੇ ਖਾਸ ਕਰਕੇ ਨੋਜਵਾਨ ਪੀੜੀ ਨੂੰ ਵੀ ਚਾਹੀਦਾ ਹੈ ਕਿ ਉਹ ਦੇਸ਼ ਨੂੰ ਮੁਖ ਰੱਖਦੇ ਹੋਏ ਦੇਸ਼ ਪ੍ਰਤੀ ਕੰਮ ਕਰਨ ਤਾਂ ਜੋ ਉਕਤ ਸਮਸਿਆ ਖਤਮ ਹੋ ਸਕੇ।

ਉਨ੍ਹਾਂ ਨੇ ਇਸ ਮੌਕੇ ਆਂਤਕਵਾਦ ਦੇ ਖਾਤਮੇ ਲਈ ਵੀ ਨੋਜਵਾਨ ਵਰਗ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਚੌਧਰੀ ਸੁਰਿੰਦਰ ਸਿੰਘ ਨੇ ਡਾਕਟਰ ਬੀ.ਆਰ.ਅੰਬੇਡਕਰ ਯੂਥ ਕਲੱਬ ਨੂੰ 50 ਹਜਾਰ ਰੁਪਏਦੀ ਗ੍ਰਾਂਟ ਦੇਣ ਦਾ ਵਾਅਦਾ ਕੀਤਾ।




ਇਸ ਮੌਕੇ ਸੰਮੀਮ ਸੰਮੀ, ਐਡਵੋਕੇਟ ਬਲਵਿੰਦਰ ਮਹੇ ਅਤੇ ਕ੍ਰਿਸਨ ਦੀਵਾਨਾ ਨੇ ਕਿਹਾ ਸਮਾਜਿਕ ਬੁਰਾਈਆਂ ਦੇ ਖਿਲਾਫ ਸਾਨੂੰ ਸਭ ਨੂੰ ਅਗੇ ਆਉਣਾ ਚਾਹੀਦਾ ਹੈ ਅਤੇ ਸਵੱਛ ਭਾਰਤ ਦੇ ਤਹਿਤ ਆਪੋ ਆਪਣੇ ਇਲਾਕਿਆਂ ਦੀ ਸਾਫ ਸਫਾਈ ਵਲ ਖਾਸ ਧਿਆਨ ਦੇਣਾ ਚਾਹੀਦਾ।

ਇਸ ਮੌਕੇ ਜਿਲਾ ਪਰਿਸ਼ਦ ਮੈਂਬਰ ਸੁਨੀਤਾ ਵਰਿਆਣਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭ੍ਰਿਸਟਾਚਾਰ ਦੇ ਖਾਤਮੇ ਲਈ ਸੌਂਹ ਵੀ ਚੁਕੀ ਗਈ। ਇਸ ਮੌਕੇ ਆਏ ਮਹਿਮਾਨਾ ਨੂੰ ਸਿਰੋਪਾਓ ਵੀ ਭੇਂਟ ਕੀਤੇ ਗਏ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਪ੍ਰਧਾਨ ਰਾਜੇਸ਼ ਵਰਿਆਣਾ, ਸੰਮਤੀ ਮੈਂਬਰ ਅਸ਼ਵਨੀ ਕੁਮਾਰ, ਸੰਮਤੀ ਮੈਂਬਰ ਰਜਨੀ ਬਾਲਾ, ਜੋਗਿੰਦਰ ਪਾਲ ਭੱਠੇ, ਧੰਨਾ ਸਹੋਤਾ, ਵਲੰਟੀਅਰ ਵਿਸ਼ਾਲ, ਦਵਿੰਦਰ ਕੋਰ, ਬਲਾਕ ਸੰਮਤੀ ਮੈਂਬਰ ਅਵਤਾਰ ਸਿੰਘ ਵਰਿਆਣਾ, ਕਸ਼ਮੀਰੀ ਲਾਲ, ਕਮਲਜੀਤ ਫੋਜੀ, ਪੰਚ ਪਰਮਜੀਤ ਕੋਰ, ਜੈ ਰਾਮ, ਵਿਜੈ ਵ-ਰਆਣਾ, ਮੋਹਨ ਲਾਲ, ਰਾਕੇਸ਼ ਕੁਮਾਰ, ਬਲਦੇਵ ਕੋਰ, ਸਰਪੰਚ ਰਾਮ ਲਾਲ ਨੂਰਪੁਰ, ਸੋਰਭ ਕੁਮਾਰ, ਅਕਸ਼ੈ ਕੁਮਾਰ, ਅਨੀਤਾ, ਰਾਣੀ, ਸੁਸ਼ਮਾ ਵਰਿਆਣਾ, ਸ਼ੁਸ਼ੀਲਾ ਦੇਵੀ, ਰੂਬਲ, ਰੋਹਿਤ, ਜਤਿੰਦਰ ਨੇਹਾ, ਕਿਰਨ, ਪ੍ਰਭਜੋਤ ਆਦਿ ਹਾਜਰ ਸੀ।

-----

# ਖਹਿਰਾ ਤੇ ਸੰਧੂ ਦੀ ਮੁਅੱਤਲੀ ਵਿਰੁੱਧ ਕੋਰ ਕਮੇਟੀ ਨੂੰ ਨੋਟਿਸ ਦੇਣ ਦਾ ਐਲਾਨ

ਚੰਡੀਗੜ੍ਹ– ਆਮ ਆਦਮੀ ਪਾਰਟੀ (ਆਪ) ਵਿਚਲਾ ਪਾੜਾ ਵੱਧਦਾ ਜਾ ਰਿਹਾ ਹੈ। ਅੱਜ ਬਾਗੀ ਧਿਰ ਨੇ ਪਲਟਵਾਰ ਕਰਦਿਆਂ ਦੋ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਤੇ ਕੰਵਰ ਸੰਧੂ ਨੂੰ ਮੁਅੱਤਲ ਕਰਨ ਵਿਰੁੱਧ ਪਾਰਟੀ ਦੀ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ ਤੇ 22 ਮੈਂਬਰਾਂ ਨੂੰ ਕਾਰਨ ਦੱਸੋ ਨੋਟਿਸ ਦੇਣ ਦਾ ਐਲਾਨ ਕਰ ਕੇ ਆਰ ਜਾਂ ਪਾਰ ਦੀ ਲੜਾਈ ਛੇੜ ਦਿੱਤੀ ਹੈ।

ਇਥੇ ਬਾਗੀ ਧਿਰ ਦੀ ਪੀਏਸੀ ਦੀ ਹੋਈ ਮੀਟਿੰਗ ਤੋਂ ਬਾਅਦ ਸ੍ਰੀ ਖਹਿਰਾ ਅਤੇ ਸ੍ਰੀ ਸੰਧੂ ਨੇ ਵਿਧਾਇਕ ਪਿਰਮਲ ਸਿੰਘ ਖਾਲਸਾ, ਮਾਸਟਰ ਬਲਦੇਵ ਸਿੰਘ, ਜਗਦੇਵ ਸਿੰਘ ਕਮਾਲੂ ਅਤੇ ਜੈ ਕਿਸ਼ਨ ਰੋੜੀ ਦੀ ਮੌਜੂਦਗੀ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਪਾਰਟੀ ਵੱਲੋਂ ਉਨ੍ਹਾਂ (ਖਹਿਰਾ ਤੇ ਸੰਧੂ) ਨੂੰ ਗੈਰ-ਸੰਵਿਧਾਨਕ ਢੰਗ ਨਾਲ ਮੁਅੱਤਲ ਕੀਤਾ ਗਿਆ ਹੈ। ਬਾਗੀ ਧੜੇ ਨੇ ਵਿਧਾਇਕ ਕੰਵਰ ਸੰਧੂ ਤੇ ਪਿਰਮਲ ਸਿੰਘ ਖਾਲਸਾ ਤੇ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਦੀ ਮੈਂਬਰ ਕਰਮਜੀਤ ਕੌਰ ਮਾਨਸਾ ਦੀ ਅਗਵਾਈ ਹੇਠ ਅਨੁਸ਼ਾਸਨੀ ਕਮੇਟੀ ਬਣਾਉਣ ਦਾ ਫੈਸਲਾ ਲਿਆ ਹੈ। ਇਸ ਤੋਂ ਇਲਾਵਾ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਡਾਕਟਰ ਕੇ ਐਸ ਔਲਖ ਨੂੰ ਪਾਰਟੀ ਦਾ ਲੋਕ ਆਯੁਕਤ ਨਿਯੁਕਤ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਜਲਦ ਹੀ ਅਨੁਸਾਸ਼ਨੀ ਕਮੇਟੀ ਕੋਰ ਕਮੇਟੀ ਦੇ ਚੇਅਰਮੈਨ ਬੁੱਧ ਰਾਮ ਸਮੇਤ 22 ਮੈਂਬਰਾਂ ਨੂੰ ਨੋਟਿਸ ਦੇ ਕੇ ਗੈਰ-ਕਾਨੂੰਨੀ ਢੰਗ ਨਾਲ ਕੀਤੀਆਂ ਮੁਅੱਤਲੀਆਂ ਉਪਰ ਜਵਾਬਤਲਬੀ ਮੰਗੇਗੀ। ਉਨ੍ਹਾਂ ਕਿਹਾ ਕਿ ਜੇ ਕੋਰ ਕਮੇਟੀ ਨੇ ਇਸ ਲਈ ਮੁਆਫੀ ਨਾ ਮੰਗੀ ਤਾਂ ਉਹ ਇਨ੍ਹਾਂ ਸਾਰਿਆਂ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨਗੇ। ਸ੍ਰੀ ਸੰਧੂ ਨੇ ਦਾਅਵਾ ਕੀਤਾ ਕਿ ਪਾਰਟੀ ਦੇ ਸੰਵਿਧਾਨ ਵਿਚ ਸੂਬਾਈ ਕੋਰ ਕਮੇਟੀ ਬਣਾਉਣ ਦੀ ਕੋਈ ਮੱਦ ਹੀ ਨਹੀਂ ਹੈ ਜਿਸ ਕਾਰਨ ਇਸ ਗੈਰ-ਸੰਵਿਧਾਨਕ ਕਮੇਟੀ ਨੂੰ ਵਿਧਾਇਕਾਂ ਨੂੰ ਮੁਅੱਤਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਂਜ ਵੀ ਸੰਵਿਧਾਨ ਮੁਤਾਬਕ ਕਿਸੇ ਵਿਰੁੱਧ ਕਾਰਵਾਈ ਕਰਨ ਤੋਂ ਪਹਿਲਾਂ ਸਬੰਧਤ ਵਿਧਾਇਕਾਂ ਦੀ ਸੁਣਵਾਈ ਕਰਨੀ ਬਣਦੀ ਸੀ ਪਰ ਲੀਡਰਸ਼ਿਪ ਨੇ ਅਜਿਹਾ ਵੀ ਨਹੀਂ ਕੀਤਾ। ਉਨ੍ਹਾਂ ਪਾਰਟੀ ਵੱਲੋਂ ਪੰਜਾਬ ਦੇ ਬਣਾਏ ਸਹਿ ਪ੍ਰਧਾਨ ਡਾਕਟਰ ਬਲਬੀਰ ਸਿੰਘ ਦੀ ਨਿਯੁਕਤੀ ਨੂੰ ਵੀ ਗੈਰ-ਸੰਵਿਧਾਨਕ ਕਰਾਰ ਦਿੱਤਾ ਗਿਆ। ਬਾਗੀ ਧਿਰ ਵਲੋਂ ਪਾਰਟੀ ਵਿਰੁੱਧ ਸਾਰੇ ਤੀਰ ਚਲਾਉਣ ਦੀ ਰਣਨੀਤੀ ਬਣਾਉਣ ਦੇ ਸੰਕੇਤ ਮਿਲੇ ਹਨ ਕਿਉਂਕਿ ਸ੍ਰੀ ਖਹਿਰਾ ਨੇ ਕਿਹਾ ਕਿ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਹੋਏ ਭ੍ਰਿਸ਼ਟ-ਾਚਾਰ ਦੀ ਪੜਤਾਲ ਕੀਤੀ ਹੈ, ਜਿਸ ਦੌਰਾਨ ਕਈ ਸ਼ਿਕਾਇਤਾਂ ਮਿਲੀਆਂ ਹਨ ਅਤੇ ਪਾਰਟੀ ਦੇ ਕੁਝ ਕੌਮੀ ਆਗੂਆਂ ਵੱਲੋਂ ਪੈਸੇ ਲੈਣ ਦੇ ਸਬੂਤ ਮਿਲੇ ਹਨ। ਜਲਦ ਹੀ ਵਾਈਟ ਪੇਪਰ ਜਾਰੀ ਕਰ ਕੇ ਅਜਿਹੇ ਆਗੂਆਂ ਨੂੰ ਬੇਨਕਾਬ ਕੀਤਾ ਜਾਵੇਗਾ। ਇਸ ਮੌਕੇ ਸ੍ਰੀ ਖਹਿਰਾ ਨੇ ਐਲਾਨ ਕੀਤਾ ਕਿ ਅਗਲੇ ਮਹੀਨੇ ਤਲਵੰਡੀ ਸਾਬੋ ਤੋਂ ਪਟਿਆਲਾ ਤਕ 8 ਰੋਜ਼ਾ ਇਨਸਾਫ ਮਾਰਚ ਕੱਢਿਆ ਜਾਵੇਗਾ ਜਿਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਇਨਸਾਫ ਲੈਣ, ਕਿਸਾਨੀ ਮਸਲੇ ਸੁਲਝਾਉਣ ਅਤੇ ਬੇਰੁਜ਼ਗਾਰੀ ਦੂਰ ਕਰਨ ਦੇ ਮੁੱਦੇ ਉਭਾਰੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਤੀਜਾ ਸਿਆਸੀ ਫਰੰਟ ਉਸਾਰਨ ਲਈ ਕਈ ਧਿਰਾਂ ਨਾਲ ਗੱਲਬਾਤ ਹੋ ਚੁੱਕੀ ਹੈ ਅਤੇ ਇਨਸਾਫ ਮਾਰਚ ਤੋਂ ਬਾਅਦ ਇਸ ਦੀ ਉਸਾਰੀ ਕੀਤੀ ਜਾ ਸਕਦੀ ਹੈ। ਇਸ ਮੌਕੇ ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਨਾਲ 7 ਵਿਧਾਇਕ ਚਟਾਨ ਵਾਂਗ ਖੜੇ ਹਨ ਜਦਕਿ ਵਿਧਾਇਕ ਜਗਦੇਵ ਕਮਾਲੂ ਨੇ ਦਾਅਵਾ ਕੀਤਾ ਕਿ ਪਾਰਟੀ ਦੇ 3 ਹੋਰ ਵਿਧਾਇਕ ਉਨ੍ਹਾਂ ਦੇ ਧੜੇ ਨਾਲ ਜੁੜ ਰਹੇ ਹਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 9, 10, 11 ਨਵੰਬਰ ਨੂੰ



ਸ੍ਰੀ ਗੁਰੂ ਰਵਿਦਾਸ






ਸਤਿਗੁਰੂ ਸੈਣ ਜੀ

## ਗੁਰੂ ਪਿਆਰੀ ਸਾਧ ਸੰਗਤ ਜੀਓ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਸ਼੍ਰੋਮਣੀ ਸੰਤ ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਮਿਤੀ 9, 10, 11 ਨਵੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰਪ੍ਰਸਤੀ ਹੇਠ ਮਨਾਇਆ ਜਾ ਰਿਹਾ ਹੈ, ਜਿਸ ਵਿਚ ਮਿਤੀ 9 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 11 ਨਵੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਮਨਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਢਾਡੀ ਕਥਾਵਾਚਕ ਹਰ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

**ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।**

ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530-933-3938, ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370, ਸ੍ਰੀ ਸੁਸ਼ੀਲ ਕੁਮਾਰ 530-415-6743, ਸ੍ਰੀ ਵਿਜੈ ਕੁਮਾਰ 530-300-6208

**SHRI GURU RAVIDASS TEMPLE 1480 HAYNE AVENUE, YUBA CITY, CA 95993**


SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding





ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

ACCEPTED HERE
Com-Check T-Check EFS Check VISA

We Provide All Autos, Trucks & Trailers Repair



Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

# ਯੂਬਾ ਸਿਟੀ, ਕੈਲੇਫੋਰਨੀਆ ਦੇ 39ਵੇਂ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਆਇਆ ਸੈਲਾਬ

**ਯੂਬਾ ਸਿਟੀ (ਹੁਸਨ ਲੜੋਆ ਬੰਗਾ)–** ਦੁਨੀਆਂ 'ਚ ਯੂਬਾ ਸਿਟੀ ਦੇ ਨਗਰ ਕੀਰਤਨ ਵਜੋਂ ਸਥਾਪਤ ਨਾਂ ਉਸ ਵਕਤ ਹੋਰ ਗੂੜ੍ਹਾ ਹੋ ਗਿਆ ਜਦੋਂ ਪਿਛਲੇ ਨਗਰ ਕੀਰਤਨਾਂ ਦੀ ਸ਼ਾਮਲ ਸੰਗਤ ਦਾ ਰਿਕਾਰਡ ਟੁੱਟ ਗਿਆ। ਯੂਬਾ ਸਿਟੀ ਦੇ ਨਗਰ ਕੀਰਤਨ ਦੌਰਾਨ ਐਤਕਾਂ ਵੀ ਮੌਸਮ ਠੀਕ ਹੋਣ ਕਰਕੇ ਸੰਗਤਾਂ ਦਾ ਭਾਰੀ ਇਕੱਠ ਉਮੜਿਆ। ਕਈ ਮਹੀਨਿਆਂ ਤੋਂ ਕੀਤੀ ਗਈ ਤਿਆਰੀ ਅਤੇ ਕਰੀਬ ਇਕ ਮਹੀਨੇ ਤੋਂ ਲੰਗਰਾਂ ਦੀ ਤਿਆਰੀ ਨੇ ਸੰਗਤਾਂ ਨੂੰ ਸੰਭਾਲਣ ਵਿਚ ਕੋਈ ਕਸਰ ਨਹੀਂ ਛੱਡੀ। ਇਸ ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਗਏ। ਅਖੀਰਲੇ ਦਿਨ ਵਿਸ਼ਾਲ ਨਗਰ ਕੀਰਤਨ ਵਿਚ ਕਰੀਬ ਇਕ ਲੱਖ ਸਿੱਖ ਸੰਗਤਾਂ ਨੇ ਸ਼ਮੂਲਅਤ ਕਰਕੇ ਪੁਰਾਣੇ ਰਿਕਾਰਡ ਮਾਤ ਪਾਏ। ਇਹਨਾਂ ਧਾਰਮਿਕ ਸਮਾਗਮਾਂ ਦੌਰਾਨ ਸ੍ਰੀ ਅਖੰਡ ਪਾਠਾਂ ਦੀ ਲੜੀ 13 ਸਤੰਬਰ ਤੋਂ ਸ਼ੁਰੂ ਹੋਈ ਤੇ 4 ਨਵੰਬਰ ਨੂੰ ਭੋਗ ਪਾਏ ਗਏ।

ਇਹਨਾਂ ਸਮਾਗਮਾਂ ਵਿਚ ਵੱਖ-ਵੱਖ ਸ਼ਖਸੀਅਤਾਂ ਜਿਹਨਾਂ 'ਚ ਰਾਗੀ, ਢਾਡੀ ਤੇ ਪ੍ਰਚਾਰਕਾਂ ਨੇ ਥੋਕ ਵਿਚ ਸ਼ਮੂ-ਲੀਅਤ ਕੀਤੀ, ਜਿਹਨਾਂ 'ਚ ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਕਰਨੈਲ ਸਿੰਘ ਰਣੀਕੇ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਚਰਨ ਸਿੰਘ ਖਾਲਸਾ, ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਬੀਬੀ ਬਲਜੀਤ ਕੌਰ ਕੈਨੇਡਾ ਵਾਲੇ, ਭਾਈ ਨਿਰੰਜਣ ਸਿੰਘ ਜਵੱਦੀ ਕਲਾਂ, ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਭਾਈ ਹਰਮਨਦੀਪ ਸਿੰਘ ਖਾਲਸਾ, ਭਾਈ ਸਾਹਿਬ ਸਿੰਘ ਜੀ, ਭਾਈ ਇਕਬਾਲ ਸਿੰਘ ਜੀ ਕਥਾਵਾਚਕ, ਢਾਡੀ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ, ਭਾਈ ਲਖਵਿੰਦਰ ਸਿੰਘ ਸੋਹਲ, ਡਾ. ਸੁਖਪ੍ਰੀਤ ਸਿੰਘ ਉਦੋਕੇ ਤੋਂ ਇਲਾਵਾ ਹੋਰ ਪ੍ਰਚਾਰਕਾਂ ਨੇ ਵੱਖ-ਵੱਖ ਸਮਾਗਮਾਂ ਵਿਚ ਸ਼ਮੂਲੀਅਤ ਕੀਤੀ। ਇਸੇ ਲੜੀ ਤਹਿਤ ਸ਼ਨੀਵਾਰ ਨੂੰ ਸ਼ਾਮ ਦੇ ਦੀਵਾਨਾਂ ਤੋਂ ਬਾਅਦ ਕਵੀ ਦਰਬਾਰ ਹੋਇਆ, ਜਿਸ ਵਿਚ ਕਵੀਆਂ ਨੇ ਧਾਰਮਿਕ ਕਾਵਿਤਾਵਾਂ ਪੇਸ਼ ਕੀਤੀਆਂ। ਹਫਤਾ ਪਹਿਲਾਂ ਐਤਵਾਰ ਨੂੰ ਢਾਡੀ ਦਰਬਾਰ ਕਰਵ-ਾਇਆ ਗਿਆ। ਸ਼ਨਿਚਰਵਾਰ ਨੂੰ ਬੱਚਿਆਂ ਵੱਲੋਂ ਕੀਰਤਨ ਦਰਬਾਰ ਕਰਵਾਇਆ ਗਿਆ। ਸ਼ਨਿਚਰਵਾਰ ਨੂੰ ਅੰਮ੍ਰਿਤ ਵੇਲੇ ਦਸਮੇਸ਼ ਹਾਲ ਵਿਚ ਅੰਮ੍ਰਿਤ ਸੰਚਾਰ ਹੋਇਆ, ਜਿਸ ਦੌਰਾਨ ਕੁਝ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਸ਼ਨਿਚਰਵਾਰ ਨੂੰ ਸਵੇਰੇ 8 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਗਏ। ਸ਼ਨਿਚਰਵਾਰ ਨੂੰ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸਦਾ ਵਿਸ਼ਾ 'ਵੇ ਆਫ ਸਿੱਖ' ਰੱਖਿਆ ਗਿਆ, ਜਿਸ ਵਿਚ ਵੱਖ-ਵੱਖ ਲੇਖਕਾਂ ਤੇ ਬੁੱਧੀਜੀਵੀਆਂ ਨੇ ਆਪਣੇ ਪਰਚੇ ਪੜ੍ਹੇ। ਐਤਵਾਰ ਨਗਰ ਕੀਰਤਨ ਤੋਂ ਪਹਿਲਾਂ ਵਿਸ਼ੇਸ਼ ਦੀਵਾਨਾਂ ਵਿਚ ਵੱਖ-ਵੱਖ ਅਮਰੀਕਨ ਸ਼ਖਸੀਅਤਾਂ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ, ਜਿਹਨਾਂ 'ਚ ਪੰਜ ਸੁਪਰਵਾਈਜਰ ਜਿਹਨਾਂ 'ਚ ਰੌਨ ਸਲਿੰਜਰ, ਜੈਮ ਵੁਡਚਰ, ਡੈਨ ਫਲੋਰਸ, ਲੈਰੀ ਮੰਗਰ, ਮੈਟ ਕੌਂਟ, ਇਸ ਤੋਂ ਇਲਾਵਾ ਕਾਂਗਰਸਮੈਨ ਜੇਮਜ ਗਲੀਗਰ, ਭਾਈ ਰਣਜੀਤ ਸਿੰਘ ਹੈਡ ਗ੍ਰੰਥੀ ਬੰਗਲਾ ਸਾਹਿਬ।

ਐਤਕਾਂ ਪਿਛਲੇ ਸਾਲਾਂ ਵਾਂਗ ਬਾਕੀ ਭਾਈਚਾਰਿਆਂ ਦੇ ਲੋਕਾਂ ਨੇ ਸੰਗਤਾਂ ਵਜੋਂ ਹਾਜ਼ਰੀ ਭਰੀ। ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀ ਜਗ੍ਹਾ ਵਿਚ ਲੱਗੇ ਵੱਡੇ ਬਾਜ਼ਾਰ ਵਿਚੋਂ ਲੋਕਾਂ ਨੇ ਭਾਰੀ ਖਰੀਦੋ-ਫਰੋਖਤ ਵੀ ਕੀਤੀ।

ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਜਥੇਬੰਦੀਆਂ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵੱਲੋਂ ਆਪਦਾ-ਆਪਣਾ ਫਲੋਟ ਲੈ ਕੇ ਨਗਰ ਕੀਰਤਨ ਵਿਚ ਸ਼ਮੂ-ਲੀਅਤ ਕੀਤੀ।

ਖਾਸ ਤੌਰ 'ਤੇ ਸਿੱਖਸ ਫਾਰ ਜਸਟਿਸ, ਸਿੱਖ ਯੂਥ ਅਮਰੀਕਾ, ਗੋਲਡਨ ਟੈਂਪਲ ਮਾਡਲ, ਭਾਈ ਕਨ੍ਹਈਆ ਫਲੋਟ, ਸ਼ਹੀਦ ਸਿੰਘਾਂ ਦਾ ਫਲੋਟ ਆਦਿ ਨੇ ਨਗਰ ਕੀਰਤਨ ਨੂੰ ਆਕਰਸ਼ਿਤ ਕੀਤਾ। ਬਾਕੀ ਸੰਸਥਾਵਾਂ ਜਿਹਨਾਂ ਵਿਚ ਯੂਨਾਈਟਿਡ ਸਿੱਖਸ, ਜੈਕਾਰਾ ਮੂਵਮੈਂਟ, ਸਿੱਖ ਕੁਲੀਸ਼ਨ, ਸਿੱਖ ਫਾਰ ਜਸਟਿਸ, ਸਿੱਖ ਸੇਵਾ ਸਿਮਰਨ ਸੁਸਾਇਟੀ, ਬਰੂ ਸਾਹਿਬ ਕਲਗੀਧਰ ਸੁਸਾਇਟੀ, ਭਗਤ ਪੂਰਨ ਸਿੰਘ ਹੈਲਥ ਇੰਨੀਸ਼ੀਏਟਿਵ ਆਦਿ ਸਿਰਮੌਰ ਸੰਸਥਾਵਾਂ ਨੇ ਆਪਣੇ ਆਪਣੇ ਸਟਾਲਾਂ ਰਾਹੀਂ ਸੰਗਤਾਂ 'ਚ ਪ੍ਰਚਾਰ ਕੀਤਾ। ਇਸ ਨਗਰ ਕੀਰਤਨ ਦੀ ਪੰਜਾਬੀ ਤੇ ਅਮਰੀਕਨ ਮੀਡੀਏ ਨੇ ਲਾਈਵ ਕਵਰੇਜ਼ ਕੀਤੀ। ਸੰਗਤਾਂ ਨੇ ਵੱਖ-ਵੱਖ ਸੈਂਕੜੇ ਲੰਗਰ ਤੇ ਹੋਰ ਸੁਆਦਲੇ ਖਾਣਿਆਂ ਦੇ ਸਟਾਲਾਂ ਤੋਂ ਢਿੱਡ ਭਰ ਕੇ ਖਾਧਾ।
















# ਸੁਖਬੀਰ ਅਤੇ ਮਜੀਠੀਆ ਖ਼ਿਲਾਫ਼ ਡਟੇ ਰਣਜੀਤ ਸਿੰਘ ਬ੍ਰਹਮਪੁਰਾ

**ਤਰਨ ਤਾਰਨ–** ਸ੍ਰੀ ਗੋਇੰਦਵਾਲ ਸਾਹਿਬ– ਮਾਝਾ ਖੇਤਰ ਦੇ ਬਾਗ਼ੀ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੇ ਜ਼ਿਲ੍ਹੇ ਦੇ ਕਸਬਾ ਚੋਹਲਾ ਸਾਹਿਬ 'ਚ ਭਰਵਾਂ ਇਕੱਠ ਕਰਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਅਸਤੀਫ਼ਿਆਂ ਦੀ ਮੰਗ ਕਰਦਿਆਂ ਕਿਹਾ ਕਿ ਉਹ ਇਸ ਮੰਗ ਦੇ ਮੰਨੇ ਜਾਣ ਤੱਕ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਸ੍ਰੀ ਬ੍ਰਹਮਪੁਰਾ ਨੇ ਕਿਹਾ,''ਅਕਾਲੀ ਦਲ ਦੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਰਗਾੜੀ ਵਿਖੇ ਬੇਦੋਸ਼ੇ ਸਿੱਖਾਂ 'ਤੇ ਗੋਲੀਆਂ ਚਲਾਉਣ ਲਈ ਸਿੱਧੇ ਤੌਰ 'ਤੇ ਉਕਤ ਦੋਵੇਂ ਆਗੂ ਜ਼ਿੰਮੇਵਾਰ ਹਨ।'' ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਕਾਬੂ ਨਾ ਕਰਕੇ ਸਜ਼ਾਵਾਂ ਨਾ ਦੇਣ ਦਾ ਸੰਗਤ ਵਿੱਚ ਭਾਰੀ ਰੋਸ ਹੈ ਜਿਸ ਦਾ ਖਮਿਆਜਾ ਅਕਾਲੀ ਦਲ ਪਿਛਲੀਆਂ ਚੋਣਾਂ ਵਿੱਚ ਭੁਗਤ ਚੁੱਕਿਆ ਹੈ। ਜਥੇਦਾਰ ਬ੍ਰਹਮਪੁਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਮਜੀ-ਠੀਆ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਭੰਗ ਕੀਤੀ ਹੈ। ਇਕੱਠ ਵਿਚ ਰਣਜੀਤ ਸਿੰਘ ਬ੍ਰਹਮਪੁਰਾ ਦੇ ਨਾਲ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਸ੍ਰੀ ਬ੍ਰਹਮਪੁਰਾ ਨੇ ਸੇਵਾ ਸਿੰਘ ਸੇਖਵਾਂ ਨੂੰ ਅਕਾਲੀ ਦਲ ਵਿਚੋਂ ਕੱਢਣ ਬਾਰੇ ਕਿਹਾ ਕਿ ਫ਼ੈਸਲਾ ਵਾਪਸ ਲੈਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ ਅਤੇ ਸ੍ਰੀ ਸੇਖਵਾਂ ਨੂੰ ਵੀ ਮੁੜ ਪਾਰਟੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਸਿੱਧੇ ਰੂਪ ਵਿਚ ਨਿਖੇਧੀ ਕਰਨ ਤੋਂ ਗੁਰੇਜ਼ ਕੀਤਾ। ਸਾਬਕਾ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ ਦਿੱਤੇ ਮਾਣ-ਸਤਿਕਾਰ ਨੂੰ ਯਾਦ ਕਰਦਿਆਂ ਸ੍ਰੀ ਬ੍ਰਹਮਪੁਰਾ ਨੇ ਕਿਹਾ,''ਸ੍ਰੀ ਬਾਦਲ ਨੇ ਮੇਰੇ ਕਹਿਣ 'ਤੇ ਬਹੁਤ ਸਾਰੇ ਕੰਮ ਕੀਤੇ ਪਰ ਡੇਰਾ ਸਾਧ ਨੂੰ ਮੁਆਫ਼ੀ ਦੇਣ, ਬਰਗਾੜੀ ਕਾਂਡ ਜਿਹੇ ਮੁੱਦਿਆਂ 'ਤੇ ਉਹ ਕੁਝ ਨਹੀਂ ਬੋਲੇ।'' ਉਨ੍ਹਾਂ ਕਿਹਾ ਕਿ ਖਣਨ, ਭੂਮੀ, ਕੇਬਲ, ਸ਼ਰਾਬ ਆਦਿ ਮਾਫੀਏ ਕਰਕੇ ਸਰਕਾਰ ਦੇ ਬਦਨਾਮ ਹੋਣ ਬਾਰੇ ਵੀ ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਨੂੰ ਸੁਚੇਤ ਕੀਤਾ ਸੀ ਪਰ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਆਪਣੇ ਸੰਘਰਸ਼ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਬਾਦਲਾਂ ਨੇ ਅਕਾਲ ਤਖ਼ਤ ਸਾਹਿਬ ਤੱਕ ਨੂੰ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ। ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਨਾ ਕੀਤੇ ਜਾਣ 'ਤੇ ਸ੍ਰੀ ਬ੍ਰਹਮਪੁਰਾ ਨੇ ਕਿਹਾ ਕਿ ਜੇਕਰ ਉਹ ਖੁਦ ਸ੍ਰੀ ਬਾਦਲ ਦੀ ਥਾਂ 'ਤੇ ਮੁੱਖ ਮੰਤਰੀ ਹੁੰਦੇ ਤਾਂ ਅਜਿਹਾ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾਵਾਂ ਦਿੰਦੇ। ਕੁਝ ਦਿਨ ਪਹਿਲਾਂ ਉਨ੍ਹਾਂ ਦਾ ਸਾਥ ਛੱਡ ਦੇਣ ਦਾ ਦਾਅਵਾ ਕਰਨ ਵਾਲੇ ਕਈ ਆਗੂਆਂ ਨੂੰ ਸ੍ਰੀ ਬ੍ਰਹਮਪੁਰਾ ਨੇ ਸੰਗਤ ਸਾਹਮਣੇ ਪੇਸ਼ ਕੀਤਾ। ਸ੍ਰੀ ਬ੍ਰਹਮਪੁਰਾ ਨੇ ਵਿਰੋਧੀਆਂ 'ਤੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਜਿਹੜੇ ਉਨ੍ਹਾਂ ਦੇ ਨਹੀਂ ਬਣੇ, ਉਹ ਪਾਰਟੀ ਦੇ ਕਿਵੇਂ ਬਣਨਗੇ। ਇਸ ਮੌਕੇ ਉਨ੍ਹਾਂ ਦੇ ਲੜਕੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ, ਪ੍ਰੇਮ ਸਿੰਘ ਗੋਇੰਦਵਾਲ, ਕੈਪਟਨ ਸਰਵਣ ਸਿੰਘ, ਗੋਪਾਲ ਸਿੰਘ ਜਾਣੀਆਂ, ਹਰਭਜਨ ਸਿੰਘ ਜਵੰਦਪੁਰ, ਸਾਬਕਾ ਡੀਐਸਪੀ ਰਤਨ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

# ਯੂਬਾ ਸਿਟੀ, ਕੈਲੇਫੋਰਨੀਆ ਦੇ 39ਵੇਂ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਆਇਆ ਸੈਲਾਬ





ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)








































# ਯੂਬਾ ਸਿਟੀ, ਕੈਲੇਫੋਰਨੀਆ ਦੇ 39ਵੇਂ ਨਗਰ ਕੀਰਤਨ ਦੌਰਾਨ ਸੰਗਤਾਂ ਦਾ ਆਇਆ ਸੈਲਾਬ














## ਸਿੱਖ ਸੇਵਾ ਸਿਮਰਨ ਸੁਸਾਇਟੀ ਯੂਬਾ ਸਿਟੀ (ਕੈਲੇਫੋਰਨੀਆ)

ਯੂਬਾ ਸਿਟੀ ਦੇ 39ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਉਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ ’ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ।

ਨਗਰ ਕੀਰਤਨ ਦਰਮਿਆਨ ਲੰਗਰ ਦੀ ਸੇਵਾ ਕਰਦੇ ਹੋਏ ਸਿੱਖ ਸੇਵਾ ਸਿਮਰਨ ਸੁਸਾਇਟੀ ਦੇ ਮੈਂਬਰ ਜੋਗਾ ਜੌਹਲ, ਵਰਿੰਦਰ ਸਿੰਘ, ਰਾਜਾ ਸੰਧਰ, ਰਾਜ ਚੀਮਾ, ਮੁਖਤਿਆਰ ਗਰੇਵਾਲ, ਕੁਲਵੰਤ ਜੰਡਾ, ਹਰਮਨ ਸ਼ੇਰਗਿਲ, ਹਰਮਨ ਬੋਪਾਰਾਏ, ਗੁਰਮੀਤ ਸਿੰਘ, ਜਸਪਾਲ ਸੰਦਪਰ, ਪ੍ਰਮਜੀਤ ਸਿੰਘ, ਮੇਜਰ ਸਿੰਘ, ਜੋਗਿੰਦਰ ਸਿੰਘ, ਸੰਤੋਖ ਸਿੰਘ, ਬਾਲੀ ਗਰੇਵਾਲ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ ਅਤੇ ਅਮਰੀਕ ਸਿੰਘ ਅਤੇ ਹੋਰ ਸਹਿਯੋਗੀ।










ਯੂਬਾ ਸਿਟੀ ਦੇ 39ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਓਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਤੀਰਥ ਸਿੰਘ ਸੋਹਲ (AAA Auto Wash) ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ ਲਗਾਏ ਲੰਗਰ ਦੀਆਂ ਝਲਕੀਆਂ










ਯੂਬਾ ਸਿਟੀ ਦੇ 39ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਓਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਜੌਹਨ ਸਿੰਘ ਬੰਗਾ ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ ਲਗਾਏ ਲੰਗਰ ਦੀਆਂ ਝਲਕੀਆਂ










ਯੂਬਾ ਸਿਟੀ ਦੇ 39ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਉਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ ਐਸ ਏ) ਵੱਲੋਂ ਲਗਾਏ ਲੰਗਰ ਦੀਆਂ ਝਲਕੀਆਂ









# Baba Deep Singh Welfare Society USA

ਯੂਬਾ ਸਿਟੀ ਦੇ 39ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਉਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਸੁੱਖਾ ਸਿੰਘ ਬੈਂਸ ਅਤੇ ਉਹਨਾਂ ਦੇ ਸਹਿਯੋਗੀਆਂ ਵੱਲੋਂ ਗੰਨੇ ਦੇ ਰਸ ਦੇ ਲਗਾਏ ਲੰਗਰ ਦੀਆਂ ਝਲਕੀਆਂ











# ਡਾ.ਜਸਵੰਤ ਰਾਏ ਦੀ ਪੁਸਤਕ "ਬਾਬੂ ਮੰਗੂ ਰਾਮ ਮੁਗੋਵਾਲੀਆ-ਗਦਰੀ ਯੋਧੇ ਤੇ ਆਦਿ ਧਰਮ ਦੇ ਬਾਨੀ" ਲੋਕ-ਅਰਪਣ











ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗਦਰੀ ਬਾਬਿਆਂ ਦੇ ਸਤਾਈਵੇਂ ਮੇਲੇ ਤੇ ਡਾ. ਜਸਵੰਤ ਰਾਏ ਸਾਹਰੀ ਦਾ ਇਤਿਹਾਸਕ ਦਸਤਾਵੇਜ਼ "ਬਾਬੂ ਮੰਗੂ ਰਾਮ ਮੁਗੋਵਾਲੀਆ- ਗਦਰੀ ਯੋਧੇ ਤੇ ਆਦਿ ਧਰਮ ਦੇ ਬਾਨੀ" ਪ੍ਰਸਿੱਧ ਦਾਨਿਸ਼ਮੰਦਾਂ ਡਾ. ਕਰਮਜੀਤ ਸਿੰਘ, ਦੇਵ ਰਾਜ ਨਈਅਰ, ਸੋਹਣ ਸਹਿਜਲ, ਕਹਾਣੀਕਾਰ ਪ੍ਰੇਮ ਗੋਰਖੀ, ਸ਼ਾਇਰ ਮਦਨਵੀਰਾ, ਮੋਹਣ ਲਾਲ ਫਿਲੌਰੀਆ, ਡਾ. ਐੱਸ. ਐੱਲ. ਵਿਰਦੀ, ਡਾ. ਰਾਮ ਲਾਲ ਜੱਸੀ, ਅਮਰੀਕ ਡੋਗਰਾ, ਡਾ. ਬਲਦੇਵ ਸਿੰਘ, ਜਸਬੀਰ ਧੀਮਾਨ ਵਲੋਂ ਲੋਕ-ਅਰਪਣ ਕੀਤਾ ਗਿਆ।ਪੁਸਤਕ ਬਾਰੇ ਗੱਲ ਕਰਦਿਆਂ ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਨੇ ਆਖਿਆ ਕਿ ਡਾ. ਜਸਵੰਤ ਰਾਏ ਦੀ ਇਹ ਇਤਿਹਾਸਕ ਪੁਸਤਕ ਦਸਤਾਵੇਜ਼ ਦਾ ਦਰਜ਼ਾ ਰੱਖਦੀ ਹੈ। ਇਸ ਵਿਚ ਬਾਬੂ ਮੰਗੂ ਰਾਮ ਹੁਰਾਂ ਦੀ ਦੇਣ ਨੂੰ ਸਿਰਫ ਆਦਿਧਰਮ ਤੱਕ ਹੀ ਸੀਮਿਤ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਵਲੋਂ ਜਾਨ ਜ਼ੋਖਮ ਵਿਚ ਪਾ ਕੇ ਗਦਰ ਪਾਰਟੀ ਵਿਚ ਪਾਏ ਯੋਗਦਾਨ ਨੂੰ ਵੀ ਬਾਖੂਬੀ ਪੇਸ਼ ਕੀਤਾ ਗਿਆ ਹੈ। ਆਦਿ ਧਰਮ ਅੰਦੋਲਨ ਵਿਚ ਬਾਬੂ ਮੰਗੂ ਰਾਮ ਦੀ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਦੇਣ ਨੂੰ ਡਾ. ਜਸਵੰਤ ਰਾਏ ਨੇ ਪੂਰੇ ਵਿਸਤਾਰ ਵਿਚ ਪੇਸ਼ ਹੈ।ਪੁਸਤਕ ਬਾਬੂ ਜੀ ਦੇ ਕੱਦ ਬੁੱਤ ਦੇ ਨਾਲ਼ ਨਾਲ਼ ਆਦਿਧਰਮ ਦੇ ਉਦੇਸ਼ਾਂ ਅਤੇ ਗਦਰ ਪਾਰਟੀ ਦੇ ਉਦੇਸ਼ਾਂ ਦੀ ਇੱਕਸੁਰਤਾ ਨੂੰ ਵੀ ਸਾਹਮਣੇ ਲਿਆਉਂਦੀ ਹੈ।ਬਾਕੀ ਬੁਲਾਰਿਆਂ ਨੇ ਪੁਸਤਕ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਵਿਚ ਬਾਬੂ ਜੀ ਦੇ ਨਾਲ਼ ਨਾਲ਼ ਆਦਿਧਰਮ ਲਹਿਰ ਨੂੰ ਸਥਾਪਿਤ ਕਰਨ ਵਿਚ ਯੋਗਦਾਨ ਪਾਉਣ ਵਾਲੇ ਪੰਡਤ ਹਰੀ ਰਾਮ ਪੰਡੋਰੀ ਬੀਬੀ, ਹੰਸ ਰਾਜ ਪ੍ਰੇਮਗੜ੍ਹ, ਚੌਧਰੀ ਹਜ਼ਾਰਾ ਰਾਮ ਪਿਪਲਾਂਵਾਲਾ, ਸੁਆਮੀ ਈਸ਼ਰ ਦਾਸ, ਰਾਮ ਚੰਦ ਖੇੜਾ, ਗੁਰਦਾਸ ਰਾਮ ਆਲਮ ਵਰਗੇ ਯੋਧਿਆਂ ਦੇ ਵੀ ਬਿੰਬ ਉਸਾਰੇ ਗਏ ਹਨ।

ਪੁਸਤਕ ਦੇ ਪ੍ਰਕਾਸ਼ਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਕੈਲੇਫੋਰਨੀਆ ਅਤੇ ਪਬਲਿਸ਼ਰ ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ ਨੂੰ ਵੀ ਵਧਾਈ ਦਿੱਤੀ ਗਈ। ਇਸ ਮੌਕੇ ਤਰਸੇਮ ਚੁੰਬਰ, ਅਰਸ਼ਦੀਪ ਕੌਰ, ਧਰਮਪਾਲ ਕਠਾਰ, ਯੋਧਾ ਮੱਲ, ਕਹਾਣੀਕਾਰ ਭਗਵੰਤ ਰਸੂਲਪੁਰੀ, ਦੇਸ਼ ਰਾਜ ਕਾਲੀ, ਡਾ. ਬਲਦੇਵ ਸਿੰਘ ਅਤੇ ਡਾ. ਅਰਵਿੰਦਰ ਕੌਰ ਕਾਕੜਾ ਆਦਿ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (98158-25999)**

# ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਜੈਕਟ ਅਧੀਨ ਅੰਗਰੇਜੀ ਦੇ ਮੁਕਾਬਲੇ ਸਫਲਤਾ ਪੂਰਵਕ ਸਮਾਪਤ



ਬੱਚਿਆਂ ਨੂੰ ਸਮੇਂ ਦਾ ਹਾਣੀ ਬਣਾਉਣ ਅਤੇ ਉਹਨਾਂ ਅੰਦਰ ਮੁਕਾਬਲੇ ਦੀ ਭਾਵਨਾ ਦਾ ਵਿਕਾਸ ਕਰਨ ਦੇ ਮੰਤਵ ਨੂੰ ਲੈ ਕੇ "ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਜੈਕਟ" ਤਹਿਤ ਬਲਾਕ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਵਿੱਚ ਅੰਗਰੇਜੀ ਵਿਸ਼ੇ ਦਾ ਮੁਕਾਬਲਾ ਸਸਸਸ ਭਵਾਨੀਗੜ੍ਹ (ਕੁ) ਵਿਖੇ ਪ੍ਰਿੰਸੀਪਲ ਸ਼੍ਰੀਮਤੀ ਨੀਰਜਾ ਸੂਦ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ।ਜਿਸਦੀ ਜਾਣਕਾਰੀ ਦਿੰਦੇ ਹੋਏ ਬਲਾਕ ਮੈਂਟਰ (ਅੰਗਰੇਜੀ/ਸਮਾਜਿਕ ਵਿਗਿਆਨ) ਚਮਨਦੀਪ ਸ਼ਰਮਾ ਨੇ ਦੱਸਿਆ ਕਿ ਇਸ ਦੌਰਾਨ ਬੱਚਿਆਂ ਨੇ ਡਿਕਟੇਸ਼ਨ, ਨਿਊਜ਼ ਪੇਪਰ ਰੀਡਿੰਗ, ਕਵਿਤਾ ਉਚਾਰਨ, ਵਰਡ ਮੀਨਿੰਗ, ਸੁੰਦਰ ਲਿਖਾਈ ਆਦਿ ਮੁਕਾਬਲੇ ਵਿੱਚ ਹਿੱਸਾ ਲਿਆ। ਇਹਨਾਂ ਮੁਕਾਬਲਿਆਂ ਵਿੱਚ ਜਿਆਦਾਤਰ ਈਵੈਂਟ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ।ਕਵਿਤਾ ਉਚਾਰਨ ਵਿੱਚ ਸਸਸਸ ਭੜ੍ਹੋ, ਸਮਿਸ ਗਹਿਲਾਂ, ਸਹਸ ਫਤਹਿਗੜ੍ਹ ਭਾਦਸੋਂ ਪਹਿਲੇ ਤਿੰਨ ਸਥਾਨਾਂ ਤੇ ਰਹੇ। ਨਿਊਜ਼ਪੇਪਰ ਰੀਡਿੰਗ ਵਿੱਚ ਐਸ ਸ਼ਡੀਐਸ ਵਿੱਦਿਆ ਮੰਦਰ ਮਾਝੀ, ਸਮਿਸ ਮਹਿਸਮਪੁਰ, ਸਸਸਸ ਮਾਝੀ ਜੇਤੂ ਰਹੇ।ਵਰਡ ਮੀਨਿੰਗ ਵਿੱਚ ਸਹਸ ਬਲਿਆਲ, ਸਮਿਸ ਖੇੜੀ ਚੰਦਵਾਂ, ਸਸਸਸ ਬਖੋਪੀਰ ਨੇ ਕਬਜਾ ਕੀਤਾ। ਸੁੰਦਰ ਲਿਖਾਈ ਵਿੱਚ ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਬਲਿਆਲ, ਸਹਸ ਰਾਜਪੁਰਾ, ਸਸਸਸ ਭੱਟੀਵਾਲ ਕਲਾਂ ਜਦਕਿ ਡਿਕਟੇਸ਼ਨ ਮੁਕਾਬਲੇ ਵਿੱਚ ਸਸਸਸ ਘਰਾਚੋਂ, ਸਮਿਸ ਸ਼ਾਹਪੁਰ, ਸਸਸਸ ਚੰਨੋਂ ਆਦਿ ਸਕੂਲਾਂ ਨੇ ਜੇਤੂ ਸਥਾਨ ਪ੍ਰਾਪਤ ਕੀਤੇ। ਮੁਕਾਬਲੇ ਦੀ ਸਮਾਪਤੀ ਤੇ ਮੁੱਖ ਮਹਿਮਾਨ ਵੱਲੋਂ ਬੱਚਿਆਂ ਨੂੰ ਪੁਰਸਕਾਰ ਵੰਡੇ ਗਏ। ਇਸ ਪ੍ਰੋਗਰਾਮ ਨੂੰ ਸਫਲਤਾਪੂਰਵਕ ਬਣਾਉਣ ਦੇ ਲਈ ਸ਼੍ਰੀਮਤੀ ਮਿਨਾਕਸ਼ੀ, ਹਰਪ੍ਰੀਤ ਕੌਰ, ਰੀਤੂ ਬਾਲਾ, ਨੀਲਮ, ਸਬੀਨਾ, ਕਰਮਜੀਤ ਸਿੰਘ ਆਦਿ ਦਾ ਮਹੱਤਵਪੂਰਨ ਯੋਗਦਾਨ ਰਿਹਾ। – **ਚਮਨਦੀਪ ਸ਼ਰਮਾ**

# ਬਹੁਜਨ ਸਮਾਜ ਪਾਰਟੀ ਹੁਸਿਆਰਪੁਰ ਵੱਲੋਂ ਐਸ ਡੀ ਐਮ ਖਿਲਾਫ ਰੋਸ ਧਰਨਾ





**ਹੁਸਿਆਰਪੁਰ-** ਬਹੁਜਨ ਸਮਾਜ ਪਾਰਟੀ ਹੁਸਿਆਰਪੁਰ ਵੱਲੋਂ ਹੁਸਿਆਰਪੁਰ ਦੇ ਐਸ ਡੀ ਐਮ ਖਿਲਾਫ ਰੋਸ ਧਰਨਾ ਦਿੱਤਾ ਗਿਆ ਮਾਮਲਾ ਸੀ ਕੁਝ ਦਿਨ ਪਹਿਲਾਂ ਹੁਸਿਆਰਪੁਰ ਦੀ ਬਸਪਾ ਲੀਡਰਸ਼ਿਪ ਐਸ ਡੀ ਐਮ ਮਨਪ੍ਰੀਤ ਸੰਧੂ ਨੂੰ ਮਿਲੇ ਸੀ ਦਲਿਤ ਸਮਾਜ ਉੱਪਰ ਆਤਿਆਚਾਰ ਨੂੰ ਲੈ ਕੇ ਪਰ ਐਸ ਡੀ ਐਮ ਨੇ ਬਸਪਾ ਲੀਡਰਸ਼ਿਪ ਦਾ ਕਾਰਡ ਪਾੜ ਕੇ ਸੁੱਟ ਦਿੱਤਾ ਤੇ ਹਾਈਕਮਾਨ ਰਛਪਾਲ ਰਾਜੂ ਜੀ ਦੇ ਧਿਆਨ ਚ ਏ ਮਾਮਲਾ ਲਿਆ ਦਿੱਤਾ ਗਿਆ ਸੀ ਤੇ ਬਾਅਦ 'ਚ ਰਛਪਾਲ ਰਾਜੂ ਜੀ ਦੇ ਹੁਕਮ ਦਿੱਤਾ ਜਿਲ੍ਹਾ ਬਸਪਾ ਲੀਡਰਸ਼ਿਪ ਨੂੰ ਹੁਸਿਆਰਪੁਰ ਦੇ ਡੀ ਸੀ ਦਾ ਘਿਰਾਓ ਕਰਨ ਦਾ ਤੇ ਹਜਾਰ ਦੇ ਹਿਸਾਬ ਨਾਲ ਬਸਪਾ ਵਰਕਰਾਂ ਰੋਸ ਪ੍ਰਦਰਸ਼ਨ ਚ ਸਾਮਿਲ ਹੋਏ ਵੱਧ ਰਹੀ ਬਸਪਾ ਵਰਕਰਾਂ ਦੀ ਜਨਸੰਖਿਆ ਨੂੰ ਦੇਖ ਦੇ ਹੋਏ ਹੁਸਿਆਰਪੁਰ ਦੀ ਜਿਲ੍ਹਾ ਬਸਪਾ ਲੀਡਰਸ਼ਿਪ ਨਾਲ ਸੰਪਰਕ ਕੀਤਾ ਇਸ ਮੇਕੇ ਤੇ ਬਸਪਾ ਹੁਸਿਆਰਪੁਰ ਦੀ ਜਿਲ੍ਹਾ ਟੀਮ ਦੀ ਬੈਠਕ ਡੀ ਸੀ ਨਾਲ ਹੋਈ ਤੇ ਐਸ ਡੀ ਐਮ ਨੇ ਆਪਣੀ ਗਲਤੀ ਮਨੀ ਤੇ ਬਸਪਾ ਦੀ ਜਿਲ੍ਹਾ ਹੁਸਿਆਰਪੁਰ ਦੀ ਟੀਮ ਤੋਂ ਮਾਫੀ ਮੰਗੀ ਤੇ ਅੱਗੇ ਤੋਂ ਧਿਆਨ ਰੱਖੇਗੀ ਹੁਸਿਆਰਪੁਰ ਦੀ ਐਸ ਡੀ ਐਮ ਮਨਪ੍ਰੀਤ ਸੰਧੂ ਬਸਪਾ ਲੀਡਰਸ਼ਿਪ ਦਾ ਐਸ ਡੀ ਐਮ ਨੇ ਕਿਹਾ ਕਿ ਮੈਂ ਹਮੇਸ਼ਾ ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਜੀ ਦੀ ਕਿਰਪਾ ਨਾਲ ਮੈਂ ਅੱਜ ਐਸ ਡੀ ਐਮ ਦੀ ਕੁਰਸੀ ਤੇ ਬੈਠੀ ਹਾਂ ਤੇ ਹੁਸਿਆਰਪੁਰ ਦੇ ਡੀ ਸੀ ਨੇ ਵੀਂ ਵਿਸ਼ਵਾਸ ਦਿੱਤਾ ਕਿ ਬਸਪਾ ਲੀਡਰਸ਼ਿਪ ਤੇ ਵਰਕਰਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸੱਮਿਆ ਨਹੀਂ ਆਵੇਗੀ ਤੇ ਹੁਸਿਆਰਪੁਰ ਦੇ ਤਹਿਸੀਲਦਾਰ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹੁਸਿਆਰਪੁਰ ਸਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਇਸ ਮੇਕੇ ਜਿਲ੍ਹਾ ਪ੍ਰਧਾਨ ਪ੍ਰਸ਼ੋਤਮ ਆਹੀਰ ਬਸਪਾ, ਠੇਕੇਦਾਰ ਭਗਵਾਨ ਦਾਸ ਸਿਧੂ ਜੋਨ ਇੰਚਾਰਜ ਪੰਜਾਬ, ਹੁਸਿਆਰਪੁਰ ਦੇ ਐਸ ਐਸ ਪੀ, ਠੇਕੇਦਾਰ ਰਜਿੰਦਰ ਸਿੰਘ, ਅਮਰਜੀਤ ਭੱਟੀ ਸਿਟੀ ਕਨਵੀਨਰ ਬਸਪਾ ਹੁਸਿਆਰਪੁਰ, ਡਾ ਰਤਨ ਚੰਦ ਵਿਧਾਨ ਸਭਾ ਹੁਸਿਆਰਪੁਰ, ਮਦਨ ਬੈਂਸ ਇੰਚਾਰਜ ਹੁਸਿਆਰਪੁਰ, ਮਹਿੰਦਰ ਸਿੰਘ ਸੰਧਰਾ, ਬੀਬੀ ਮਹਿੰਦਰ ਕੋਰ ਹਲਕਾ ਪ੍ਧਾਨ ਵਿਧਾਨ ਸਭਾ ਹੁਸਿਆਰਪੁਰ, ਮਨਦੀਪ ਕਾਲਸੀ ਜੋਨ ਇੰਚਾਰਜ ਪੰਜਾਬ, ਓਕਰ ਸਿੰਘ ਝੰਮਟ ਇੰਚਾਰਜ ਹੁਸਿਆਰਪੁਰ , ਹਰਦਿਆਲ ਸੰਧੂ ਐਡਵੋਕੇਟ ਬਸਪਾ ਹੁਸਿਆਰਪੁਰ, ਦਿਨੇਸ਼ ਪੱਪੂ ਇੰਚਾਰਜ ਹੁਸਿਆਰਪੁਰ, ਦਰਸ਼ਨ ਲੱਧੜ ਜਨਰਲ ਸਕਤਰ ਹੁਸਿਆਰਪੁਰ, ਲਖਵੀਰ ਸਿੰਘ, ਕਿਰਨ ਬਾਲਾ ਮਹਿਲਾ ਵਿੰਗ ਹੁਸਿਆਰਪੁਰ , ਜਗਮੋਹਨ ਸੱਜਣਾਂ, ਸੁਖਦੇਵ ਬਿੱਟਾ, ਡਾ ਬੱਧਣ, ਜਸਕਰਨ ਜੱਸਾ ਛਾਉਣੀ ਕਲਾਂ, ਡਾ ਰਮੇਸ਼ ਬਾੜੀਆ, ਭਾਗ ਰਾਮ, ਆਦਿ ਬਸਪਾ ਆਗੂ ਸਾਮਲ ਹੋਏ।

# 'ਮਾਂ ਦੀ ਮੰਨਤ' ਸਿੰਗਲ ਟਰੈਕ ਲੈ ਕੇ ਹਾਜਰ ਹੈ- ਗਾਇਕ ਵਿਜੇ ਬੱਧਣ





ਪੰਜਾਬੀ ਮਾਂ-ਬੋਲੀ ਦੇ ਜਾਏ, ਕਿਸੇ ਵੀ ਹਾਲਾਤ ਵਿਚ ਹੋਣ, ਉਹ ਆਪਣੀ ਮਿਹਨਤ, ਲਗਨ, ਸਿਦਕ, ਫਿਰਾਕ-ਦਿਲੀ ਅਤੇ ਅਣਮੋਲ ਸੱਭਿਆਚਾਰਕ ਗਤੀਵਿਧੀਆਂ ਦੁਆਰਾ ਆਪਣਾ, ਆਪਣੀ ਜਨਮ-ਭੂਮੀ ਅਤੇ ਮਾਂ-ਬੋਲੀ ਪੰਜਾਬੀ ਦਾ ਨਾਮ ਰੋਸ਼ਨ ਕਰਦਿਆਂ ਆਪਣੀ ਅੱਡਰੀ ਛਾਪ ਛੱਡਣ ਲਈ ਯਤਨਸ਼ੀਲ ਹੀ ਰਹਿੰਦੇ ਹਨ। ਇਸੇ ਲੜੀ ਤਹਿਤ ਜਿਸ ਸੰਘਰਸ਼ਸ਼ੀਲ ਨੌਜਵਾਨ ਦਾ ਇਨ੍ਹਾਂ ਸਤਰਾਂ ਦੁਆਰਾ ਜਿਕਰ ਕਰਨ ਜਾ ਰਿਹਾ ਹਾਂ, ਉਹ ਹੈ ਜਿਲ੍ਹਾ ਗੁਰਦਾਸਪੁਰ ਦੀ ਇਕ ਨੁਕਰੇ ਵਸਦੇ ਪਿੰਡ ਹੱਲਾ ਦਾ ਬਹੁ-ਕਲਾਵਾਂ ਦਾ ਸੁਮੇਲ ਨੌਜਵਾਨ ਵਿਜੇ ਬੱਧਣ। ਵਧੀਆ ਸ਼ਾਇਰ, ਅਦਾਕਾਰ, ਨਿਰਮਾਤਾ, ਨਿਰਦੇਸ਼ਕ, ਸਮਾਜ-ਸੇਵੀ ਅਤੇ ਲੋਕ-ਗਾਇਕ।

ਗਾਇਕੀ ਖੇਤਰ ਵਿਚ, 'ਮੌਜਾਂ ਲਾਈਆਂ ਨੇ ਮਈਆਂ ਦੇ ਦੁਆਰੇ' ਅਤੇ ਜਲੰਧਰ ਦੂਰਦਰਸ਼ਨ ਦੇ ਨਵੇ ਵਰ੍ਹੇ (2018) ਦੀ ਆਮਦ ਤੇ 'ਢੋਲ ਵੱਜਿਆ' ਗੀਤ ਰਾਂਹੀ ਭਰਵੀ ਹਾਜਰੀ ਦੁਆਰਾ ਚਰਚਿਤ ਹੋਏ ਇਸ ਗਾਇਕ ਦਾ ਹੁਣ ਨਵਾਂ ਸਿੰਗਲ ਟਰੈਕ 'ਮਾਂ ਦੀ ਮੰਨਤ' ਦੇਸ਼ ਵਿਦੇਸ਼ਾਂ ਵਿਚ ਚਰਚਾ ਦਾ ਖੂਬ ਵਿਸ਼ਾ ਬਣਿਆ ਹੋਇਆ ਹੈ।

ਮਾਤਾ ਸਵ: ਪ੍ਰਭੀ ਦੇਵੀ ਅਤੇ ਪਿਤਾ ਸਵ: ਗਿਆਨੀ ਤੇਜ ਰਾਮ ਜੀ ਦੇ ਘਰ ਜਨਮੇ ਵਿਜੇ ਨੇ ਸੰਖੇਪ ਜਿਹੀ ਮੁਲਾਕਾਤ ਵਿਚ ਦੱਸਿਆ ਕਿ ਘਰ ਵਿਚ ਗਰੀਬੀ ਹੋਣ ਕਾਰਨ ਉਹ ਜਿਆਦਾ ਪੜ੍ਹ ਨਾ ਸਕਿਆ। ਗਾਉਣਾ, ਲਿਖਣਾ ਅਤੇ ਅਦਾਕਾਰੀ ਦਾ ਸ਼ੌਕ ਉਸ ਨੂੰ ਬਚਪਣ ਤੋ ਹੀ ਸੀ। ਗਾਇਕੀ ਦੀਆਂ ਬਾਰੀਕੀਆਂ ਸਿੱਖਣ ਲਈ ਉਸ ਨੇ ਉਸਤਾਦ ਮਦਨ ਇਲਾਹੀ ਜੀ ਨੂੰ ਆਪਣਾ ਰਸਮੀ ਉਸਤਾਦ ਧਾਰਿਆ ਅਤੇ ਯਮਲੇ ਦੀ ਫੁੱਲਵਾੜੀ ਦੇ ਮਹਿਕਦੇ ਫੁੱਲ ਸਵ: ਚਮਨ ਲਾਲ ਗੁਰਦਾਸਪੁਰੀ ਨਾਲ ਪੰਜਾਬ ਦੇ ਵੱਖ-ਵੱਖ ਸ਼ਹਿਰਾ ਵਿਚ ਜਾ ਕੇ ਸਟੇਜਾਂ ਉਤੇ ਹਾਜਰੀਆਂ ਲੁਆਈਆਂ। ਅੱਜ ਕੱਲ ਬੱਧਣ ਆਪਣੀ ਕਲਾ ਨੂੰ ਨਿਖਾਰਨ ਲਈ ਰਾਕੇਸ਼ ਕੁਮਾਰ ਸ਼ਰਮਾਂ ਜੀ ਤੋ ਵੀ ਸੰਗੀਤ ਦੀਆਂ ਕਲਾਸਾਂ ਲੈ ਰਿਹਾ ਹੈ।

ਗਾਇਕੀ ਦੇ ਨਾਲ-ਨਾਲ ਬੱਧਣ ਨੇ ਉਘੇ ਰੰਗਕਰਮੀ ਉਸਤਾਦ ਰਜਿੰਦਰ ਭੋਗਲ ਜੀ ਦੀ ਰਹਿਨੁਮਾਈ ਹੇਠ ਲੁਕਾਈ ਕਲਾ ਕੇਦਂਰ ਦੇ ਬੈਨਰ ਹੇਠ ਦਰਜਨ ਦੇ ਕਰੀਬ ਨਾਟਕ ਵੀ ਖੇਡੇ। ਇਕ ਲੜੀਵਾਰ ਹਿੰਦੀ ਸੀਰੀਅਲ 'ਪਸ਼ਚਾਤਾਪ' ਵਿਚ ਬਤੌਰ ਐਕਟਰ ਵੀ ਕੰਮ ਕੀਤਾ। ਇਸ ਤੋ ਇਲਾਵਾ ਆਪਣੀ 'ਬੱਧਣ ਪ੍ਰੋਡੈਕਸ਼ਨ' ਹੇਠ ਦਰਜਨਾਂ ਕਲਾਕਾਰ ਦੇ ਸੱਭਿਆਚਾਰਕ ਗੀਤ ਪੇਸ਼ ਕਰਨ ਦਾ ਵੀ ਫਖਰ ਹਾਸਿਲ ਕੀਤਾ।

ਕਲਮੀ-ਖੇਤਰ ਵਿਚ ਵਿਜੇ ਬੱਧਣ ਦੀਆਂ ਲਿਖੀਆਂ ਰਚਨਾਵਾਂ ਸ਼੍ਰੋਮਣੀ ਪੰਜਾਬੀ ਲਿਖ-ਾਰੀ ਸਭਾ (ਰਜਿ.) ਪੰਜਾਬ ਦੀਆਂ ਕਈ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਛਪੀਆਂ। ਉਸ ਵਲੋਂ ਵੱਖ-ਵੱਖ ਖੇਤਰਾਂ ਪਾਏ ਗਏ ਯੋਗਦਾਨ ਦਾ ਮੁੱਲ ਪਾਂਉਂਦੇ , ਉਸ ਦੇ ਘਰ ਵਿਚ ਸੰਭਾਲੇ ਵੱਖ-ਵੱਖ ਸੰਸਥਾਵਾਂ ਵਲੋਂ ਪ੍ਰਾਪਤ ਅਨੇਕਾਂ ਸਰਟੀਫਿਕੇਟ ਅਤੇ ਸਨਮਾਨ-ਚਿੰਨ ਉਸਦੇ ਮਾਣ-ਮੱਤੇ ਸਾਹਿਤਕ ਤੇ ਸੱਭਿਆਚਾਰਕ ਸਫਰ ਦੀ ਭਰਵੀਂ ਗਵਾਹੀ ਦੇ ਰਹੇ ਹਨ। ਆਪਣੇ ਨਵੇ ਸਿੰਗਲ ਟਰੈਕ 'ਮਾਂ ਦੀ ਮੰਨਤ' ਬਾਰੇ ਗੱਲਬਾਤ ਕਰਦਿਆਂ ਬੱਧਣ ਨੇ ਦੱਸਿਆ ਕਿ ਡੀ: ਟੀ: ਬੀ: ਫਿਲਮ ਪ੍ਰੋਡੈਕਸ਼ਨ ਦੀ ਅਤੇ ਪੇਸ਼ਕਰਤਾ ਅਨਿਲ ਰਤਨਗੜੀਆ ਦੀ ਪੇਸ਼ਕਸ਼ ਅਤੇ ਨਿਰਮਾਤਾ ਨਰੇਸ਼ ਸ਼ਰਮਾਂ ਦੀ ਰਹਿਨੁਮਾਈ ਹੇਠ ਕੱਢੇ ਇਸ ਗੀਤ ਦਾ ਲੇਖਕ ਵੀ ਖੁਦ ਉਹ (ਵਿਜੇ) ਹੀ ਹੈ।

ਇਸ ਗੀਤ ਨੂੰ ਸੰਗੀਤਕ-ਛੋਹਾਂ ਸੰਗੀਤਕਾਰ ਸ਼ਕਤੀ ਬਚਨ ਨੇ ਦਿੱਤੀਆਂ : ਜਦ ਕਿ ਇਸ ਦਾ ਵੀਡੀਓ-ਫਿਲਮਾਂਕਣ ਸਚਿਨ ਵੱਲੋ ਪੰਜਾਬ ਦੀਆਂ ਵੱਖ ਵੱਖ ਲੋਕੇਸ਼ਨਾਂ ਤੇ ਕੀਤਾ ਗਿਆ। ਵਿਜੇ ਬੱਧਣ ਨੇ ਅੱਗੇ ਦੱਸਿਆ ਕਿ ਇਸ ਸਿੰਗਲ ਟਰੈਕ ਨੂੰ ਭਾਰਤ ਤੋ ਇਲਾਵਾ ਕਨੇਡਾਂ, ਆਸਟ੍ਰੇਲੀਆ, ਦੁਬੱਈ, ਇਟਲੀ, ਇੰਗਲੈਡ, ਸਾਊਥ ਕੋਰੀਆ, ਆਦਿ ਦੇਸ਼ਾਂ ਵਿਚ ਵੀ ਰਲੀਜ ਕੀਤਾ ਜਾ ਰਿਹਾ ਹੈ।

ਇੱਥੋਂ ਤੱਕ ਦੇ ਮੁਕਾਮ ਹਾਸਲ ਕਰਨ ਦੀ ਪ੍ਰਾਪਤੀ ਨੂੰ ਬੱਧਣ ਜਿੱਥੇ ਆਪਣੇ ਗੁਰੂ ਦੇਵ ਸਚਖੰਡ ਵਾਸੀ ਸਤਿਗੁਰੂ ਸ਼੍ਰੀ 108 ਸੀਤਲ ਦਾਸ ਜੀ ਦਾ ਓਟ ਆਸਰਾ ਮੰਨਦਾ ਹੈ, ਉਥੇ ਆਪਣੇ ਗੁਰੂ-ਭਾਈ ਸੂਫੀ ਗਾਇਕ ਮੁਮਤਾਜ. ਹੰਸ, ਗਾਇਕ ਅਸ਼ਵਨੀ ਲੱਖੋਵਾਲੀ, ਨਿਰਮਾਤਾ ਨਰੇਸ਼ ਸ਼ਰਮਾਂ ਤੋ ਇਲਾਵਾ ਦੋਸਤਾਂ-ਮਿੱਤਰਾਂ, ਸਹਿਯੋਗੀਆਂ ਅਤੇ ਦਰਸ਼ਕਾਂ-ਸਰੋਤਿਆਂ ਦਾ ਵੀ ਤਹਿ-ਦਿਲੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਦੀਆਂ ਸ਼ੁਭ-ਇੱਛਾਵਾਂ ਅਤੇ ਹੱਲਾ-ਸ਼ੇਰੀ ਹਮੇਸ਼ਾਂ ਉਸ ਦੇ ਨਾਲ ਰਹੀ।

ਪ੍ਰੀਤਮ ਲੁਧਿਆਣਵੀ
+91-9876428641

# ਵਿਸ਼ਵ ਮੀਡੀਆ ਤੇ ਰਾਜਨੀਤਿਕ ਆਜ਼ਾਦੀ ਦੇ ਸਵਾਲ

ਆਪਣੀ ਕਰਨੀ ਆਪਣਾ ਅੰਬਰ

ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ
91-9478730156



'ਵਰਤਮਾਨ ਮੀਡੀਆ ਰਾਜਨੀਤੀ ਦੀ ਬਹਾਰ ਦਾ ਪੌਦਾ ਹੈ।'
-ਨਾਰਥ ਸਪਰਿੰਗ ਦਾ ਨਾਅਰਾ

ਦੁਨੀਆਂ ਦੀ ਵੱਡੀ ਅਮਰੀਕੀ ਅਖ਼ਬਾਰ 'ਦ ਵਾਸ਼ਿੰਗਟਨ ਪੋਸਟ' ਦੇ ਕਾਲਮ ਨਵੀਸ ਜ਼ਮਾਲ ਖ਼ਸ਼ੋਗੀ ਦੀ ਤੁਰਕੀ ਵਿਚ ਹੋਈ ਰਾਜਨੀਤਿਕ ਹੱਤਿਆ ਨਾਲ ਅਮਰੀਕਾ ਸਮੇਤ ਪੂਰੇ ਪੱਛਮੀ ਜਗਤ ਵਿਚ ਮੀਡੀਆ ਤੇ ਰਾਜਨੀਤੀ ਦੇ ਸੰਬੰਧਾਂ 'ਤੇ ਆਜ਼ਾਦੀ ਬਾਰੇ ਬਹਿਸ ਛਿੜੀ ਹੋਈ ਹੈ। ਅਸਲ ਵਿਚ ਸਾਊਦੀ ਅਰਬ ਦੀ ਸ਼ਾਹੀ ਸੁਲਤਾਨੀ ਸਰਕਾਰ ਦੇ ਕੱਟਰ ਵਿਰੋਧ ਵਿਚ ਲਿਖਣ ਵਾਲੇ ਪੱਤਰਕਾਰ ਜ਼ਮਾਲ ਖ਼ਸ਼ੋਗੀ ਪਹਿਲੇ ਅਜਿਹੇ ਪੱਤਰਕਾਰ ਨਹੀਂ ਜਿਹਨਾਂ ਨੂੰ ਸਾਊਦੀ ਸਰਕਾਰ ਦੁਆਰਾ ਆਪਣੀ ਆਲੋਚਨਾ ਲਈ ਜਾਨ ਗਵਾਉਣੀ ਪਈ ਹੋਵੇ। ਇੱਥੇ ਇਹ ਵੀ ਯਾਦ ਕਰਵਾਇਆ ਜਾਂਦਾ ਹੈ ਕਿ ਦੋਹਾ ਦੇ ਅੰਤਰ -ਰਾਸ਼ਟਰੀ ਅੰਗਰੇਜ਼ੀ ਟੀ. ਵੀ. ਚੈਨਲ ਅਲ-ਜਜ਼ੀਰਾ ਦੇ ਤਿੰਨ ਪੱਤਰਕਾਰਾਂ ਦਾ ਅੱਜ ਤੱਕ ਕੋਈ ਵੀ ਪਤਾ ਨਹੀਂ ਲੱਗ ਸਕਿਆ। ਅਸਲ ਵਿਚ ਮਿਡਲ-ਈਸਟ ਵਿਚ ਮੁਸਲਿਮ ਸੁਲਤਾਨੀ ਤਾਨਾਸ਼ਾਹੀ ਸਰਕਾਰਾਂ ਹੀ ਕਾਬਜ਼ ਹਨ ਅਤੇ ਇਹ ਵੀ ਸੱਚ ਹੈ ਕਿ ਉਹਨਾਂ ਨੂੰ ਪੂਰੀ ਦੀ ਪੂਰੀ ਸ਼ਹਿਰ ਤੇ ਤਥਾ ਕਥਿਤ ਸੱਤਾ ਦੀ ਡੋਰ ਵਰ੍ਹਿਆਂ ਤੋਂ ਅਮਰੀਕਾ ਤੇ ਪੱਛਮੀ ਦੇਸ਼ਾਂ ਦੇ ਹੱਥ ਹੈ। ਉਹਨਾਂ ਵਿਚ ਨਾਟੋ ਤੇ ਦੂਸਰੇ ਦੇਸ਼ ਪ੍ਰਮੁੱਖ ਹਨ।

ਇੱਥੇ ਮੀਡੀਆ ਦੇ ਸਾਰੇ ਪ੍ਰਭਾਵੀ ਮਾਧਿਅਮ ਉਹ ਭਾਵੇਂ ਟੈਲੀਵਿਜ਼ਨ, ਫਿਲਮ, ਰੇਡੀਓ ਤੇ ਸੋਸ਼ਲ ਮੀਡੀਆ, ਸਾਰੇ ਹੀ ਸਰਕਾਰੀ ਸੈਂਸਰਸ਼ਿਪ ਦੇ ਗਿਣੀ-ਮਿੱਥੀ ਖੁੱਲ੍ਹ ਦੇ ਨਾਲ ਹੀ ਅਪਰੇਟ ਕੀਤੇ ਜਾਂਦੇ ਹਨ।

ਸਾਊਦੀ ਅਰਬ ਤੇ ਤਾਂ ਦੁਨੀਆਂ ਭਰ ਵਿਚ ਵਹਾਬੀ ਮੁਸਲਿਮ ਸੰਪਰਦਾਇ ਤੇ ਕੱਟੜਵਾਦੀਆਂ ਦੀਆਂ ਮਦਰੱਸਿਆਂ ਦੀਆਂ ਇਸਲਾਮੀ ਕਾਰਵਾਈਆਂ ਲਈ ਦੁਨੀਆਂ ਭਰ ਦੇ ਦੇਸ਼ਾਂ ਵਿਚ ਫੰਡਿੰਗ ਹੁੰਦੀ ਹੈ। ਪ੍ਰੰਤੂ ਪੱਛਮੀ ਦੇਸ਼ ਇਸ ਬਾਰੇ ਜ਼ੁਬਾਨ ਨਹੀਂ ਖੋਲ੍ਹਦੇ ਹਨ। ਕਿਉਂਕਿ ਇੱਥੇ ਉਹਨਾਂ ਦਾ ਅਰਬਾਂ ਪੌਂਡ ਤੇ ਡਾਲਰਾਂ ਦਾ ਹਥਿਆਰਾਂ ਦਾ ਵੱਡਾ ਬਾਜ਼ਾਰ ਹੈ ਤੇ ਸਸਤਾ ਤੇਲ ਲੈਣਾ ਮੁੱਖ ਧਾਰਾ ਹੈ। ਜੇਕਰ ਜ਼ਰਾ ਵੀ ਬਾਗੀ ਰੁਖ ਅਪਣਾਇਆ ਤਾਂ ਇਰਾਕ ਵਰਗਾ ਹਾਲ ਜਾਂ ਫਿਰ ਇਰਾਨ ਵਰਗੀਆਂ ਪਾਬੰਦੀਆਂ ਦਾ ਸਾਹਮਣਾ ਕਰਨਾ ਹੋਵੇਗਾ।

ਪਿਛਲੇ ਇਕ ਦਹਾਕੇ ਵਿਚ ਮਿਡਲ ਈਸਟ ਦੀ ਸਥਿਤੀ ਤੇ ਰਾਜਨੀਤੀ ਬਦਲ ਗਈ ਹੈ। ਇਰਾਕ ਵਿਚ ਅਮਰੀਕੀ ਹਮਲਾ ਤੇ ਬਾਅਦ ਵਿਚ ਟਿਊਨੀਸ਼ੀਆ ਵਿਚ ਅਰਬ ਸਪਰਿੰਗ ਵਰਗੀਆਂ ਅੰਦੋਲਨ ਮੁਹਿੰਮਾਂ ਨੇ ਇਸ ਆਜ਼ਾਦੀ ਤੇ ਰਾਜਸੀ ਸੱਤਾ ਦਾ ਚਿਹਰਾ ਬਦਲਿਆ ਹੈ ਤੇ ਉਥੇ ਦੇ ਪ੍ਰਸਾਰਨ ਮਾਧਿਅਮਾਂ ਨੇ ਵੀ ਆਪਣੀ ਇਕ ਵੱਖਰੀ ਪਹਿਚਾਣ ਬਣਾਈ ਹੈ।

ਹੁਣ ਅਰਬ ਤੇ ਮੁਸਲਿਮ ਜਗਤ ਵਿਚ ਉਹ ਸਾਰੇ ਅੰਤਰ ਰਾਸ਼ਟਰੀ ਚੈਨਲ ਤੇ ਰੇਡੀਓ ਕੰਮ ਕਰ ਰਹੇ ਹਨ ਜੋ ਪਹਿਲੇ ਇਸ ਤਰ੍ਹਾਂ ਨਹੀਂ ਸਨ। ਬਹੁਤ ਸਾਰੇ ਦੇਸ਼ਾਂ ਵਿਚ ਔਰਤਾਂ ਦੇ ਅਧਿਕਾਰ ਬਹਾਲ ਕੀਤੇ ਗਏ। ਕਿਤੇ ਕਿਤੇ ਆਜ਼ਾਦੀ ਦੀ ਬਿਆਰ ਵਿਚ ਸਮਾਜ ਬਦਲ ਰਿਹੈ ਪਰ ਹਨ ਇਹ ਦੁਨੀਆਂ ਦੇ ਮੁਕਾਬਲੇ ਘੱਟ ਹੈ। ਇਸ ਸਥਿਤੀ ਵਿਚ ਮੀਡੀਆ ਦੀ ਆਜ਼ਾਦੀ ਦੇ ਪ੍ਰਸ਼ਨ ਬਿਲਕੁਲ ਅਜੀਬ ਸਥਿਤੀ ਵਿਚ ਪੁੱਜ ਗਏ ਹਨ।

ਇਹ ਕੱਟਰ ਸਚਾਈ ਹੈ ਕਿ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਸਰਕਾਰਾਂ ਆਪਣੀ ਰਾਜਨੀਤਿਕ ਪਹੁੰਚ ਨਾਲ ਮੀਡੀਆ ਮਾਧਿਅਮਾਂ ਨੂੰ ਆਪਣੇ ਲਈ ਵਰਤਦੀਆਂ ਹਨ। ਪ੍ਰੰਤੂ ਮਾਨਵ ਅਧਿਕਾਰਾਂ ਤੇ ਮਨੁੱਖੀ ਵਸੀਲਿਆਂ ਤੇ ਸਭ ਦਾ ਅਧਿਕਾਰ ਬਰਾਬਰ ਹੋਵੇ, ਇਹ ਅਜੇ ਨਾ-ਮੁਮਕਿਨ ਹੈ।

ਅਮਰੀਕੀ ਤੇ ਪੱਛਮੀ ਦੇਸ਼ਾਂ ਵਿਚ ਵੀ ਮੀਡੀਆ ਕਿੰਨਾ ਸਰਕਾਰ ਪੱਖੀ ਹੈ ਤੇ ਕਿੰਨਾ ਵਿਰੋਧੀ। ਇਹ ਅਮਰੀਕਨ ਪ੍ਰਧਾਨ ਟਰੰਪ ਦੇ ਨਜ਼ਰੀਏ ਤੋਂ ਸਪਸ਼ਟ ਹੋ ਜਾਂਦਾ ਹੈ, ਜਦੋਂ ਮੀਡੀਆ ਨੂੰ ਵਿਸ਼ੇਸ਼ ਪ੍ਰਿੰਟ, ਪ੍ਰੈਸ ਤੇ ਟੈਲੀਵਿਜ਼ਨ ਨੂੰ ਡਾਂਟਣ ਦੀ ਤਾਕੀਦ 'ਚ 'ਫੇਕ ਮੀਡੀਆ' ਕਹਿ ਕੇ ਪੂਰੀ ਦੁਨੀਆ ਵਿਚ ਪ੍ਰਚਾਰ ਕਰਦੇ ਹਨ ਪਰ ਮੀਡੀਆ ਇਸ ਨੂੰ 'ਟਰੰਪ ਮਾਨੀਆ' ਕਹਿ ਕੇ ਨਕਾਰਦਾ ਰਿਹਾ ਹੈ।

ਪ੍ਰੰਤੂ ਅਰਬ ਦੇ ਸਾਊਦੀ ਮੂਲ ਦੇ ਪੱਤਰਕਾਰ ਜ਼ਮਾਲ ਖ਼ਸ਼ੋਗੀ ਦੀ ਮੌਤ ਨਾਲ ਅਮਰੀਕਾ ਦਾ ਮੀਡੀਆ ਪ੍ਰਤੀ ਨਜ਼ਰੀਆ ਇਕ ਦਮ ਵੱਖਰਾ ਹੈ। ਜ਼ਮਾਲ ਚੂੰਕਿ ਅਮਰੀਕੀ ਨਾਗਰਿਕ ਸੀ ਅਤੇ ਵਾਸ਼ਿੰਗਟਨ ਪੋਸਟ ਲਈ ਵਿਸ਼ੇਸ਼ ਕਾਲਮ ਲਿਖਦਾ ਸੀ ਅਤੇ ਅਰਬਪਤੀ ਹਥਿਆਰ ਦਲਾਲ ਵਪਾਰੀ ਅਦਨਾਲ ਖ਼ਸ਼ੋਗੀ ਦਾ ਭਤੀਜਾ ਸੀ। ਉਹ ਕਿਸੇ ਵੇਲੇ ਰਾਜ ਪਰਿਵਾਰ ਦੇ ਕਰੀਬੀਆਂ 'ਚ ਗਿਣਿਆ ਜਾਂਦਾ ਸੀ ਪਰ ਪ੍ਰਿੰਸ ਕਰਾਊਨ ਸਾਊਦੀਆਂ ਦੇ ਵਿਰੁੱਧ ਖੁੱਲ੍ਹ ਕੇ ਲਿਖਣ ਵਾਲਿਆਂ 'ਚੋਂ ਇਕ ਸੀ।

ਅਸਲ ਵਿਚ ਮੀਡੀਆ ਦੀ ਆਜ਼ਾਦੀ ਬਾਰੇ ਅਮਰੀਕੀ ਰਵੱਈਆ ਸਦਾ ਦੋ ਤਰ੍ਹਾਂ ਦਾ ਰਿਹਾ ਹੈ। ਇਕ ਉਹ ਜੋ ਉਹ ਆਪਦੇ ਦੇਸ਼ ਤੇ ਲੋਕਾਂ ਲਈ ਅਪਣਾਉਂਦਾ ਹੈ ਤੇ ਦੂਸਰਾ ਜੋ ਉਹ ਜੋ ਦੁਨੀਆਂ ਨੂੰ ਵਿਖਾਉਂਦਾ ਹੈ। ਲੋਕਤੰਤਰ ਦੇ ਚੌਥੇ ਖੰਭੇ ਤੇ ਆਜ਼ਾਦੀ ਦੇ ਪ੍ਰਤੀਕ ਦੇ ਤੌਰ 'ਤੇ ਜੇਕਰ ਤੁਸੀਂ ਗੱਲ ਕਰਨੀ ਹੋਵੇ ਤਾਂ ਫਿਰ ਬੀ. ਬੀ. ਸੀ., ਫਾਕਸ ਨਿਊਜ਼, ਸੀ. ਐਲ. ਐਨ. ਦਾ ਹਵਾਲਾ ਦੇਣਾ ਹੋਵੇਗਾ ਕਿ ਉਹ ਕਿੰਨਾ ਕੁ ਅਤੇ ਕਿਸ ਤਰ੍ਹਾਂ ਵਰਤਮਾਨ ਤੇ ਪਿਛਲੀਆਂ ਸਰਕਾਰਾਂ ਦੇ ਹੱਕ 'ਤੇ ਵਿਰੋਧ ਵਿਚ ਰਹੇ। ਪ੍ਰੰਤੂ ਇਹ ਵੀ ਸੱਚ ਹੈ ਕਿ ਇਰਾਕ ਦੀ ਲੜਾਈ, ਇਰਾਨ, ਇਰਾਕ ਦੀ ਲੜਾਈ ਤੇ ਅਰਬ ਸਪਰਿੰਗ ਤੇ ਮਿਸਰ ਮੁਸਲਿਮ ਬ੍ਰਦਰਹੁੱਡ ਵਿਚ ਉਹਨਾਂ (ਮੀਡੀਆ) ਨੇ ਸਰਕਾਰਾਂ ਦਾ ਸਹਿਯੋਗ ਹੀ ਕੀਤਾ ਹੈ। ਬੀ. ਬੀ. ਸੀ. ਦਾ ਚਿਹਰਾ ਤਾਂ ਕਈ ਵਾਰ ਨੰਗਾ ਹੋਇਆ। ਮਾਰਗ੍ਰੇਟ ਥੈਚਰ ਵੇਲੇ ਤਾਂ ਫਾਕਲੈਂਡ ਟਾਪੂ ਲਈ ਉਸਨੇ ਕਿਸ ਤਰ੍ਹਾਂ ਬਰਤਾਨਵੀ ਸਰਕਾਰ ਦਾ ਪੱਖ ਪੂਰਿਆ। ਇਹ ਸਾਰੀਆਂ ਉਹ ਉਦਾਹਰਣਾਂ ਹਨ, ਜਿਹਨਾਂ ਤੋਂ ਪੱਛਮੀ ਦੇਸ਼ਾਂ ਦੇ ਮੀਡੀਆ ਪ੍ਰਤੀ ਦੋਹਰੇ ਚਰਿੱਤਰ ਦਾ ਵੱਡਾ ਪ੍ਰਮਾਣ ਮਿਲਦਾ ਹੈ।



ਏਸ਼ੀਆਈ ਮੀਡੀਆ ਅਜੇ ਆਪਣੀ ਲੋਕਤੰਤਰੀ ਸਾਖ ਦੀ ਬਹਾਲੀ ਦੇ ਆਰੰਭ ਵਿਚ ਹੈ। 1990 ਤੋਂ ਆਈ ਨਵੀਂ ਸੂਚਨਾ ਤਕਨੀਕ ਦੇ ਇਨਕਲਾਬ ਨੇ ਏਸ਼ੀਆਈ ਦੇਸ਼ਾਂ ਵਿਸ਼ੇਸ਼ ਕਰਕੇ ਦੱਖਣੀ ਏਸ਼ੀਆਈ ਭਾਰਤੀ ਉਪ ਮਹਾਂਦੀਪ ਦੇ ਦੇਸ਼ਾਂ ਵਿਚ ਇਕ ਲੀਡਰ ਤੇ ਸੋਚ ਦਾ ਮੁਜ਼ਾਹਰਾ ਕੀਤਾ ਹੈ ਤੇ ਇਹ ਲਗਾਤਾਰ ਆਪਣੇ ਆਪ ਨੂੰ ਬਦਲ ਰਿਹਾ ਹੈ। ਆਪਣੇ ਆਪ ਨੂੰ ਬਦਲ ਰਿਹਾ ਹੈ। ਪ੍ਰੰਤੂ ਅੱਜ ਭਾਰਤੀ ਮੀਡੀਆ ਵੀ ਕ੍ਰਾਸਰੋਡ 'ਤੇ ਹੈ, ਕਈ ਇਸਨੂੰ 'ਗੋਦੀ ਮੀਡੀਆ' ਕਹਿ ਕੇ ਭੰਡ ਰਹੇ ਹਨ ਤੇ ਕਈ ਸਰਕਾਰੀ ਮੀਡੀਆ ਨੂੰ ਜਿਵੇਂ ਸਰਕਾਰਾਂ ਵਰਤਦੀਆਂ ਹਨ, ਉਸਦੀ ਨਾਯਾਬ ਉਦਾਹਰਣ ਕਹਿ ਰਹੇ ਹਨ।

### ਖ਼ਸ਼ੋਗੀ ਦਾ ਮਸਲਾ

ਅਮਰੀਕੀ ਪੱਤਰਕਾਰ ਭਾਵੇਂ ਸਾਊਦੀ ਅਰਬ ਦਾ ਮੂਲ ਨਾਗਰਿਕ ਸੀ ਪਰ ਉਸਦਾ ਅਮਰੀਕੀ ਦਖਲ ਨਵੇਂ ਮੀਡੀਆ ਦੀ ਤਲਾਸ਼ ਦਾ ਚਿਹਰਾ ਸੀ, ਜਿਸਦਾ ਕਤਲ ਤੁਰਕੀ ਵਿਚਲੇ ਸਾਊਦੀ ਵਣਜ ਕਮਿਸ਼ਨ ਦੀ ਬਿਲਡਿੰਗ ਵਿਚ ਬੜੇ ਹੀ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਜੋ ਹੁਣ ਜੱਗ ਜ਼ਾਹਿਰ ਹੋ ਗਿਆ ਸੀ।

ਅਸਲ ਵਿਚ ਖ਼ਸ਼ੋਗੀ ਸਾਊਦੀ ਸਰਕਾਰ ਦਾ ਆਲੋਚਕ ਸੀ, ਵਿਸ਼ੇਸ਼ ਕਰਕੇ ਪ੍ਰਿੰਸ ਸੁਲਤਾਨ ਦਾ। ਉਸਦੇ ਟਵਿਟਰ ਅਕਾਊਂਟ 'ਤੇ ਵੀ ਸਾਊਦੀ ਸਰਕਾਰ ਦਾ ਬੈਨ ਸੀ। ਕਦੀ ਸਾਊਦੀ ਬੇਹੱਦ ਪ੍ਰਸਿੱਧ ਅਖ਼ਬਾਰ ਅਲ-ਅਰਬ ਨਿਊਜ਼ ਤੇ ਅਲ ਵਤਨ ਵਰਗੀਆਂ ਅਖ਼ਬਾਰਾਂ ਦਾ ਸੰਪਾਦਕ ਰਿਹਾ ਖ਼ਸ਼ੋਗੀ 2 ਅਕਤੂਬਰ 1958 ਵਿਚ ਪੈਦਾ ਹੋਇਆ ਸੀ। ਤੁਰਕ ਮਾਂ ਤੇ ਸ਼ਾਹੀ ਡਾਕਟਰ ਮੁਹੰਮਦ ਖ਼ਸ਼ੋਗੀ ਦਾ ਪੁੱਤਰ ਆਪਣੇ ਸੁਭਾਅ ਤੋਂ ਬਾਗੀ ਪੱਤਰਕਾਰ ਗਿਣਿਆ ਜਾਂਦਾ ਸੀ। ਉਸਨੇ 'ਉਜਾਨ' ਸਾਊਦੀ ਗਜ਼ਟ ਵਰਗੀਆਂ ਅਖ਼ਬਾਰਾਂ ਲਈ ਵੀ ਕੰਮ ਕੀਤਾ ਸੀ। ਸਾਊਦੀ ਰਾਜਸ਼ਾਹੀ ਇੰਟੈਲੀਜੈਂਸ ਵਿਚ ਕੰਮ ਕਰਨ ਨਾਲ ਉਹ ਕਈ ਅਹਿਮ ਜਾਣਕਾਰੀਆਂ ਰੱਖਦਾ ਸੀ। 'ਦ ਵਾਸ਼ਿੰਗਟਨ ਪੋਸਟ' ਦੇ ਆਪਣੇ ਆਖਰੀ ਕਾਲਮ ਵਿਚ ਉਸਨੇ ਲਿਖਿਆ ਸੀ, ਜਿੰਨਾ ਚਿਰ ਅਰਬ ਜਗਤ ਵਿਸ਼ੇਸ਼ ਕਰ ਸਾਊਦੀ ਅਰਬ ਵਿਚ ਆਮ ਲੋਕਾਂ ਤੇ ਔਰਤਾਂ ਦੇ ਮੂਲ ਅਧਿਕਾਰ ਬਹਾਲ ਨਹੀਂ ਕੀਤੇ ਜਾਂਦੇ, ਉਨੀ ਦੇਰ ਅਰਬ ਜਗਤ ਕਦੀ ਵੀ ਵਿਸ਼ਵ ਦੀ ਮੁੱਖ ਧਾਰਾ ਵਿਚ ਨਹੀਂ ਆ ਸਕਦਾ ਸੀ। ਬੀ. ਬੀ. ਸੀ. ਲਈ ਕੁਝ ਦੇਰ ਪਹਿਲਾਂ ਉਸਨੇ ਫ਼ਲਸਤੀਨ ਦੇ ਮੁੱਦੇ 'ਤੇ ਸਾਊਦੀ ਅਰਬ ਦੀ ਆਲੋਚਨਾ ਕੀਤੀ ਸੀ। ਮੁਸਲਿਮ ਬ੍ਰਦਰਹੁੱਡ ਤੇ ਯਮਨ ਵਿਚ ਸਾਊਦੀ ਅਰਬ ਦੀਆਂ ਮਿਲਟਰੀ ਕਾਰਵਾਈਆਂ ਦੀ ਉਸਨੇ ਅੰਤਰ-ਰਾਸ਼ਟਰੀ ਮੰਚਾਂ 'ਤੇ ਨਿੰਦਿਆ ਕੀਤੀ ਸੀ। ਉਸਨੇ ਸਾਫ ਕਿਹਾ ਸੀ- ਮੁਸਲਿਮਾਂ ਦਾ ਆਪਣੇ ਸਭਿਆਚਾਰ ਤੇ ਧਰਮ ਪ੍ਰਤੀ ਲਗਾਤਾਰ ਵਿਚਾਰਧਾਰਕ ਪ੍ਰਭਾਵ ਘੱਟ ਹੁੰਦਾ ਜਾ ਰਿਹਾ ਹੈ।

ਤੇ ਧਰਮ ਪ੍ਰਤੀ ਲਗਾਤਾਰ ਵਿਚਾਰਧਾਰਕ ਪ੍ਰਭਾਵ ਘੱਟ ਹੁੰਦਾ ਜਾ ਰਿਹਾ ਹੈ।

ਮੀਡੀਆ ਦੇ ਮਿੱਤਰਾਂ ਲਈ ਇਹ ਵਿਸ਼ੇਸ਼ ਦਿਲਚਸਪੀ ਦਾ ਕਾਰਨ ਹੋਵ-ਗਾ ਕਿ ਇਕ ਜ਼ਮਾਲ ਖ਼ਸ਼ੋਗੀ ਹੀ ਸੀ ਜਿਸਨੇ 1990 ਦੇ ਦਹਾਕੇ ਵਿਚ ਤੋਰਾ-ਬੋਰਾ ਦੀਆਂ ਪਹਾੜੀਆਂ ਵਿਚ ਛਿਪੇ ਹੋਏ ਉਸਾਮਾ-ਬਿਨ-ਲਾਦੇਨ ਦੀਆਂ ਕਈ ਪੱਤਰਕਾਰ ਵਰਤਾਵਾਂ ਤੇ ਇੰਟਰਵਿਊ ਪ੍ਰਕਾਸ਼ਿਤ ਤੇ ਟੈਲੀਵਿਜ਼ਨ ਇੰਟਰਵਿਊ ਲਏ ਸਨ। ਸਰਕਾਰਾਂ ਇਹ ਜਾਣਦੀਆਂ ਸਨ ਕਿ ਖ਼ਸ਼ੋਗੀ ਦੀ ਅਹਿਮੀਅਤ ਇਸਲਾਮੀ ਜਗਤ ਵਿਚ ਕੀ ਹੈ।

ਖ਼ਸ਼ੋਗੀ ਪਹਿਲਾ ਪੱਤਰਕਾਰ ਸੀ, ਜਿਸਨੇ ਉਸਾਮਾ ਨੂੰ ਇਕ ਸਧਾਰਨ ਧਾਰਮਿਕ ਆਗੂ ਕਿਹਾ ਸੀ ਤੇ ਬਾਅਦ ਵਿਚ 1997 ਵਿਚ ਉਹ ਅਚਾਨਕ ਮਿਲੀਟੈਂਸੀ ਵੱਲ ਆਇਆ ਤੇ 9/11 ਦੇ ਹਮਲੇ ਦਾ ਮਾਸਟਰ ਮਾਈਂਡ ਹੋ ਗਿਆ। ਇਹ ਸੱਚ ਹੈ ਕਿ ਉਹ ਕਿਸੇ ਪ੍ਰਿੰਸ-ਤੁੱਕੀ ਅਲ-ਫੈਸਲ ਦਾ ਮੀਡੀਆ ਸਲਾਹਕਾਰ ਵੀ ਰਿਹਾ ਸੀ। ਆਤੰਕਵਾਦੀ ਪ੍ਰੰਤੂ ਪ੍ਰੋਗਰੈਸਿਵ ਮੁਸਲਿਮ ਮੁਹਿੰਮ ਦੇ ਕਵੀ ਇਬਰਾਹੀਮ ਨਾਲ ਅਲ-ਅਲਮੀਮੀ ਦੀ ਵਡਿਆਈ ਵੀ ਸ਼ਾਹੀ ਸਰਕਾਰਾਂ ਨੂੰ ਖ਼ਸ਼ੋਗੀ ਦੇ ਵਿਰੁੱਧ ਲੈ ਗਈ।

ਦੋ ਲੱਖ ਟਵਿਟਰ ਤੇ ਚਾਹੁਣ ਵਾਲਿਆਂ ਦਾ ਚਹੇਤਾ ਖ਼ਸ਼ੋਗੀ ਹੁਣ ਸ਼ਾਦੀ ਕਰਵਾਉਣ ਵਾਲਾ ਸੀ ਪ੍ਰੰਤੂ ਅਚਾਨਕ ਸਾਊਦੀ ਖੁਫ਼ੀਆ ਏਜੰਸੀਆਂ ਦੇ ਜਾਲ ਵਿਚ ਫਸਿਆ। ਪ੍ਰੰਤੂ 'ਅਰਬ ਵਰਲਡ' ਦੀ ਇਕ ਰਿਪੋਰਟ ਦੱਸਦੀ ਹੈ ਕਿ ਅਸਲ ਵਿਚ ਸਾਊਦੀ ਸ਼ਾਹੀ ਸਰਕਾਰ ਉਸ ਤੋਂ ਅਮਰੀਕੀ ਸਰਕਾਰ ਦੇ ਨੇੜੇ ਹੋਣ ਕਰਕੇ ਖੌਫ਼ਜ਼ਦਾ ਹੋ ਰਹੀ ਸੀ ਅਤੇ ਮੀਡੀਆ ਦੀ ਆਜ਼ਾਦੀ ਦੇ ਨਾਂ 'ਤੇ ਉਸਨੂੰ ਸਾਊਦੀ ਵਿਸ਼ੇਸ਼ ਕਰ ਸ਼ਾਹੀ ਪਰਿਵਾਰ ਦੇ ਵਿਰੁੱਧ ਜਨਤਾ ਨੂੰ ਭੜਕਾਉਣ ਦਾ ਇਲਜ਼ਾਮ ਲੱਗਿਆ ਸੀ। ਇਸ ਸਾਰੇ ਨੂੰ ਅਮਰੀਕੀ ਸਰਕਾਰ ਨੇ ਅਮਰੀਕੀ ਅਧਿਕਾਰੀ ਵਿਸ਼ੇਸ਼ ਕਰਕੇ ਆਪਣੇ ਨਾਗਰਿਕ (ਪਾਸਪੋਰਟ ਹੋਲਡਰ) ਦੇ ਮਨੁੱਖੀ ਅਧਿਕਾਰਾਂ 'ਤੇ ਪਾਬੰਦੀ ਲਾਉਣ ਵਾਲਾ ਮੰਨਿਆ ਤੇ ਪ੍ਰਧਾਨ ਟਰੰਪ ਨੇ ਸਿੱਧਾ ਸਾਊਦੀ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ।

ਅੱਜ ਜਿਸ ਤਰ੍ਹਾਂ ਸਾਰੀ ਦੁਨੀਆਂ ਵਿਚ ਪ੍ਰੈਸ ਤੇ ਰਾਜਨੀਤੀ ਵਿਚਕਾਰ ਰਿਸ਼ਤਾ ਬਣਿਆ ਹੈ, ਉਹ ਬੇਹੱਦ ਰੰਗ ਬਿਰੰਗਾ ਹੈ। ਜਿੱਥੇ-ਜਿੱਥੇ ਪ੍ਰੈਸ ਅਰਥਾਤ ਮੀਡੀਆ ਸਰਕਾਰਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ, ਉਥੇ ਆਜ਼ਾਦੀ ਦਾ ਵਾਤਾਵਰਣ ਗਰਦਾਨਿਆ ਜਾ ਰਿਹਾ ਹੈ ਅਤੇ ਜਿਹਨਾਂ ਤੀਜੀ ਦੁਨੀਆਂ ਦੇ ਵਿਕਾਸਸ਼ੀਲ ਦੇਸ਼ਾਂ ਵਿਸ਼ੇਸ਼ ਕਰਕੇ ਅਫ਼ਰੀਕੀ ਤੇ ਲਾਤੀਨੀ ਦੇਸ਼ਾਂ ਵਿਚ ਮੀਡੀਆ ਤੇ ਸਰਕਾਰਾਂ ਵਿਚ ਟਕਰਾਅ ਦੀ ਸਥਿਤੀ ਬਣੀ ਹੋਈ ਹੈ।

ਅਮਰੀਕਾ ਵਰਗਾ ਦੇਸ਼ ਜਦੋਂ ਦੁਨੀਆਂ ਵਿਚ ਮੀਡੀਆ ਆਜ਼ਾਦੀ ਦਾ ਰਾਗ ਅਲਾਪਦਾ ਹੈ ਤਾਂ ਉਦੋਂ ਹੁਣ ਦੇ ਪ੍ਰਧਾਨ ਟਰੰਪ ਦਾ ਸਿੱਧਾ ਹਮਲਾ ਮੀਡੀਆ (ਪ੍ਰੈਸ) ਨੂੰ ਬੇਈਮਾਨ, ਭ੍ਰਿਸ਼ਟ ਤੇ ਫੇਕ ਕਹਿਣਾ ਇਕ ਨਵੀਂ ਮੀਡੀਆ ਪਰਿਭਾਸ਼ਾ ਨੂੰ ਜਨਮ ਦਿੰਦਾ ਹੈ।

ਭਾਰਤ ਵਿਚ ਵੀ ਹੁਣ ਰਾਜਨੀਤੀ ਤੇ ਮੀਡੀਆ ਦਾ ਇਕ ਅਜਿਹਾ ਹੀ ਖੇਲ੍ਹ ਹੈ ਜਦੋਂ ਅਕਸਰ ਅਮੀਰ ਮੁਲਕਾਂ 'ਚ ਹੁੰਦਾ ਹੈ। ਭਾਰਤ ਇਕ ਅਜਿਹਾ ਦੇਸ਼ ਹੈ, ਜਿੱਥੇ ਹੁਣ ਮੀਡੀਆ ਏਥਿਕਜ਼ ਪਿੱਛੇ ਚਲੇ ਗਏ ਹਨ ਤੇ ਗੋਦੀ ਮੀਡੀਆ ਸਰਕਾਰੀ ਪ੍ਰਚਾਰ ਤੰਤਰ ਦਾ ਹੱਥਕੰਡਾ ਬਣ ਕੇ ਰਹਿ ਗਿਆ। ਪਰ ਇਹ ਵੀ ਸੱਚ ਹੈ ਕਿ ਕੁਝ ਅਦਾਰੇ ਤੇ ਕੁਝ ਮੀਡੀਆ ਹਾਊਸ ਅਜੇ ਵੀ ਭਾਰਤ ਵਿਚ ਮੀਡੀਆ ਦੇ ਭਵਿੱਖ 'ਤੇ ਉਸਦੀ ਲੋਕਤੰਤਰੀ ਸ਼ਾਖ ਦੀ ਬਹਾਲੀ ਵਾਸਤੇ ਪ੍ਰਤੀਬੱਧ ਹਨ, ਜਿਹਨਾਂ ਦੀ ਬਦੌਲਤ ਅਸੀਂ ਅਜੇ ਵੀ ਮੀਡੀਆ ਨੂੰ ਆਜ਼ਾਦੀ, ਡੈਮੋਕ੍ਰੇਸੀ ਦਾ ਚੌਥਾ ਸਤੰਭ ਕਹਿ ਸਕਦੇ ਹਾਂ। ਵਿਸ਼ਵ ਦੇ ਬਦਲਦੇ ਹਾਲਾਤ ਤੇ ਬਦਲਦੇ ਹੋਏ ਰਾਜਨੀਤਕ ਸਮੀਕਰਨ ਮੀਡੀਆ ਦੀ ਇਕ ਨਵੀਂ ਭੂਮਿਕਾ ਨੂੰ ਉਜਾਗਰ ਕਰਦੇ ਹਨ ਕਿਉਂਕਿ ਹੁਣ ਸੋਸ਼ਲ ਮੀਡੀਆ ਦੀ ਪਹੁੰਚ ਨੂੰ ਚੈਲਿੰਜ ਕਰਨਾ ਔਖਾ ਹੋ ਗਿਆ ਹੈ। ਹਾਲਾਂਕਿ ਇਹ ਵੀ ਸੱਚ ਹੈ ਕਿ ਚੀਨ ਤੇ ਇਸਲਾਮੀ ਦੇਸ਼ਾਂ ਨੇ ਸੋਸ਼ਲ ਮੀਡੀਆ ਤੇ ਵੀ ਪਾਬੰਦੀਆਂ ਕਿਸੇ ਹੱਦ ਤੱਕ ਆਇਦ ਕੀਤੀਆਂ ਹਨ ਪਰ ਮੂਲ ਰੂਪ ਵਿਚ ਇਹ ਇਕ ਕਠਿਨ ਕੰਮ ਹੈ।

ਅੱਜਕਲ੍ਹ ਰਾਜਨੀਤੀ ਵਿਚ ਸੱਤਾ ਦਾ ਰੁਖ ਹੈ ਤਾਂ ਮੀਡੀਆ ਇਕ ਉਹ ਹਥਿਆਰ ਜਿਸ ਨਾਲ ਤੁਸੀਂ ਕ੍ਰਾਂਤੀ ਲਿਆ ਸਕਦੇ ਹੋ। ਅਰਬ ਇਸਲਾਮੀ ਜਗਤ ਵਿਚ ਇਸਦੀਆਂ ਉਦਾਹਰਣਾਂ ਨੇ ਇਹਨਾਂ ਦਿਨਾਂ 'ਚ ਇਹ ਪਰਿਭਾਸ਼ਾ ਬਦਲ ਦਿੱਤੀ ਹੈ ਕਿ ਮੀਡੀਆ ਹੁਣ ਸਰਕਾਰਾਂ ਦਾ ਪਿੱਛਲਗੂ ਹੈ। ਹੁਣ ਮੀਡੀਆ ਸਿੱਧੇ ਤੌਰ 'ਤੇ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ ਤੇ ਸੱਤਾ ਨੂੰ ਬਦਲਣ ਦਾ ਇਕ ਪ੍ਰਭਾਵਸ਼ਾਲੀ ਔਜ਼ਾਰ ਬਣ ਗਿਆ ਹੈ।

ਇਸ ਬਦਲਦੀ ਹੋਈ ਭੂਮਿਕਾ ਤੋਂ ਰਾਜਾਸ਼ਾਹੀ ਦੇ ਦੇਸ਼ ਤੇ ਕੱਟਰ ਨਿਜ਼ਾਮ ਹੁਣ ਭੈਅ ਖਾਂਦੇ ਹਨ ਤੇ ਲੋਕਤੰਤਰੀ ਦੇਸ਼ਾਂ 'ਚ ਮੀਡੀਆ ਹੁਣ ਹਵਾ ਦਾ ਰੁਖ ਬਦਲਣ ਦੀ ਭੂਮਿਕਾ 'ਚ ਹੈ ਪ੍ਰੰਤੂ ਪੱਤਰਕਾਰਾਂ ਦੀਆਂ ਰਾਜਨੀਤਿਕ ਹੱਤਿਆਵਾਂ ਇਸਦੇ ਚਿਹਰੇ 'ਤੇ ਕਾਲਖ ਪੋਚਦੀਆਂ ਹਨ ਜੋ ਆਉਣ ਵਾਲੇ ਦਿਨਾਂ ਵਿਚ ਹੋਰ ਘਿਨਾਉਣਾ ਰੂਪ ਲੈ ਲਵੇ ਤਾਂ ਅਤਿਕਥਨੀ ਨਹੀਂ ਹੈ ਕਿਉਂਕਿ ਕੋਈ ਸੱਤਾ ਛੱਡਣਾ ਨਹੀਂ ਚਾਹੁੰਦਾ ਹੈ। ਉਹ ਰਾਜਾਸ਼ਾਹੀ ਹੋਵੇ ਜਾਂ ਲੋਕਤੰਤਰੀ ਭੂਮਿਕਾ ਵਾਲੀ ਸਰਕਾਰ। ਇਸ ਗੱਲ ਨੂੰ ਸਹਿਮਤੀ ਨਾਲ ਵੇਖਿਆ ਜਾ ਸਕਦਾ ਹੈ ਕਿ ਮਾਨਵੀ ਸਰੋਕਾਰਾਂ ਨਾਲ ਪ੍ਰੈਸ ਦੀ ਭੂਮਿਕਾ ਚੰਗੇ ਭਵਿੱਖ ਲਈ ਕਾਰਗਰ ਸਾਬਤ ਹੋਵੇ। ਕਾਸ਼! ਇਹ ਸਾਰੀ ਦੁਨੀਆਂ ਵਿਚ ਸੰਭਵ ਹੋਵੇ ਤਾਂ ਕਿ ਇਕ ਸਾਜ਼ਗਾਰ ਤੇ ਸਿਹਤਮੰਦ ਮਾਹੌਲ ਲਈ ਅਸੀਂ ਉਸਦੀ ਭੂਮਿਕਾ ਤੋਂ ਇਕ ਨਵੀਂ ਦੁਨੀਆ ਦੀ ਉਮੀਦ ਰੱਖੀਏ।

**(ਲੇਖਕ ਮੀਡੀਆ ਵਿਸ਼ੇਸ਼ਗ ਤੇ ਜਾਣਿਆ ਪਹਿਚਾਣਿਆ ਲੇਖਕ ਹੈ। ਅੱਜਕਲ੍ਹ ਭਾਰਤ ਸਰਕਾਰ ਦੇ ਸਲਾਹਕਾਰ ਦੇ ਰੂਪ ਵਿਚ ਕਾਰਜਸ਼ੀਲ ਹਨ।**

# ਪ੍ਰਸਿੱਧ ਅਰਥਸ਼ਾਸਤਰੀ ਅਮਰੱਤਿਆ ਸੇਨ

ਪ੍ਰੋ. ਅਮਰੱਤਿਆ ਸੇਨ ਭਾਰਤ ਦੇ ਨੋਬਲ ਪੁਰਸਕਾਰ ਜੇਤੂਆਂ ਵਿਚੋਂ ਇੱਕ ਹਨ। ਅਰਥ ਸ਼ਾਸਤਰ ਵਿਸ਼ੇ ਵਿਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਸੀ। ਅਮਰੱਤਿਆ ਸੇਨ ਦਾ ਜਨਮ 3 ਨਵੰਬਰ 1933 ਵਿਚ ਕੋਲਕਾਤਾ ਵਿਚ ਸ਼ਾਂਤੀ ਨਿਕੇਤਨ ਵਿਚ ਕਾਇਸਥ ਪਰਿਵਾਰ ਵਿਚ ਹੋਇਆ ਸੀ, ਜਿੱਥੇ ਉਹਨਾਂ ਦੇ ਨਾਨਾ ਸ਼ਿਤੀ ਮੋਹਨ ਸੇਨ ਅਧਿਆਪਕ ਸਨ। ਉਹਨਾਂ ਦੇ ਪਿਤਾ ਆਸ਼ੂਤੋਸ਼ ਸੇਨ ਢਾਕਾ ਯੂਨੀਵਰਸਿਟੀ ਵਿਚ ਰਸਾਇਣ ਸ਼ਾਸਤਰ ਪੜ੍ਹਾਉਂਦੇ ਸਨ। ਕੋਲਕਾਤਾ ਸਥਿਤ ਸ਼ਾਂਤੀ ਨਿਕੇਤਨ ਅਤੇ ਪ੍ਰੈਜ਼ੀਡੈਂਸੀ ਕਾਲਜ ਤੋਂ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹਨਾਂ ਨੇ ਕੈਂਬਰਿਜ ਦੇ ਟ੍ਰਿਨੀਟੀ ਕਾਲਜ ਤੋਂ ਸਿੱਖਿਆ ਪ੍ਰਾਪਤ ਕੀਤੀ। ਆਪਣੇ ਜੀਵਨ ਦੇ ਕੁਝ ਸਾਲ ਉਹਨਾਂ ਨੇ ਮਾਂਡਲੇ (ਬਰਮਾ) ਵਿਚ ਹੀ ਗੁਜ਼ਾਰੇ ਅਤੇ ਉਹਨਾਂ ਦੀ ਸ਼ੁਰੂਆਤੀ ਸਿੱਖਿਆ ਢਾਕਾ ਵਿਚ ਹੋਈ। ਅਰਥ ਸ਼ਾਸਤਰ ਦੇ ਜਨਮਦਾਤਾ ਕਹੇ ਜਾਣ ਵਾਲੇ ਸੇਨ ਭਾਰਤ ਦੇ ਨੋਬਲ ਪੁਰਸਕਾਰ ਜੇਤੂਆਂ ਵਿਚੋਂ ਇੱਕ ਹਨ। ਉਹਨਾਂ ਨੇ ਸਾਲ 1998 ਵਿਚ ਅਰਥ ਸ਼ਾਸਤਰ ਦਾ ਨੋਬਲ ਸਨਮਾਨ ਮਿਲਿਆ ਅਤੇ ਇਸ ਤੋਂ ਬਾਅਦ 1999 ਵਿਚ ਅਮਰੱਤਿਆ ਸੇਨ ਨੂੰ ਭਾਰਤ ਦੇ ਸੁਪਰੀਮ ਨਾਗਰਿਕ ਸਨਮਾਨ ਭਾਰਤ ਰਤਨ ਨਾਲ ਨਿਵਾਜਿਆ ਗਿਆ।

ਅਮਰੱਤਿਆ ਸੇਨ ਦੁਨੀਆਂ ਦੇ ਮੰਨੇ-ਪ੍ਰਮੰਨੇ ਅਰਥ ਸ਼ਾਸਤਰੀ ਬਣੇ। ਉਹਨਾਂ ਨੇ ਕਲਿਆਣ ਅਤੇ ਵਿਕਾਸ ਦੇ ਵੱਖ-ਵੱਖ ਪੱਖਾਂ 'ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਪ੍ਰੋਫੈਸਰ ਅਮਰੱਤਿਆ ਸੇਨ 1970 ਦੇ ਦਹਾਕੇ ਤੋਂ ਹੀ ਯੂਨਾਈਟਿਡ ਕਿ-ਂਗਡਮ ਅਤੇ ਅਮਰੀਕਾ ਵਿਚ ਅਧਿਆਪਨ ਦਾ ਕੰਮ ਕਰ ਰਹੇ ਸਨ। ਸੰਨ 2015 ਵਿਚ ਬ੍ਰਿਟੇਨ ਦੇ ਰਾਇਲ ਅਕੈਡਮੀ ਨੇ ਉਹਨਾਂ ਨੂੰ ਪਹਿਲਾ ਚਾਰਲਸਟਨ-ਈ. ਐਫ. ਜੀ. ਜਾਨ ਮੇਨਾਰਡ ਕੀਨਜ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਸਾਲ 1943 ਵਿਚ ਬੰਗਾਲ ਰਾਜ ਵਿਚ ਭਿਆਨਕ ਅਕਾਲ ਪਿਆ। ਇਸ ਆਫਤ ਵਿਚ ਕਈ ਲੋਕ ਮਾਰੇ ਗਏ। ਇਸ ਤ੍ਰਾਸਦੀ ਦੇ ਵਕਤ ਅਮਰੱਤਿਆ ਸੇਨ ਦਸ ਸਾਲ ਦੇ ਸਨ। ਇਸ ਘਟਨਾ ਦਾ ਉਹਨਾਂ 'ਤੇ ਬਹੁਤ ਡੂੰਘਾ ਅਸਰ ਪਿਆ। ਇਸੇ ਕਾਰਨ ਅੱਗੇ ਚੱਲ ਕੇ ਉਹਨਾਂ ਦੀ ਦਿਲਚਸਪੀ ਵੈਲਫੇਅਰ ਇਕਨਾਮਿਕਸ ਵਿਸ਼ੇ ਵਿਚ ਕਾਫੀ ਵੱਧ ਗਈ। ਉਹਨਾਂ ਦਾ ਮੰਨਣਾ ਸੀ ਕਿ ਅਰਕ ਸ਼ਾਸਤਰ ਦਾ ਸਿੱਧਾ ਸਬੰਧ ਸਮਾਜ ਦੇ ਗਰੀਬ ਅਤੇ ਅਣਦੇਖੇ ਲੋਕਾਂ ਦੇ ਸੁਧਾਰ ਨਾਲ ਹੈ।

### ਅਮਰੱਤਿਆ ਸੇਨ ਦੇ ਵਿਚਾਰ-

1. ਡਾ. ਅੰਬੇਡਕਰ ਅਰਥ ਸ਼ਾਸਤਰ ਵਿਚ ਮੇਰੇ ਪਿਤਾ ਹਨ।
2. ਪ੍ਰਭੂਸੱਤਾ ਸੰਪੰਨ ਰਾਸ਼ਟਰਾਂ ਦੇ ਰੂਪ ਵਿਚ ਜੇਕਰ ਅਸੀਂ ਕਿਸੇ ਚੀਜ਼ ਦੀ ਪਛਾਣ ਕਰਨੀ ਹੋਵੇ, ਜੋ ਸਾਡੇ ਕੌਮੀ ਹਿੱਤਾਂ ਲਈ ਮਹੱਤਵਪੂਰਨ ਹੈ ਤਾਂ ਮੈਂ ਕਹਾਂਗਾ ਕਿ ਉਹ ਚੀਜ਼ ਹੈ ਆਜ਼ਾਦੀ ਅਤੇ ਸੁਰੱਖਿਆ।
3. ਨਾਰੀ ਜਾਤੀ ਨੂੰ ਤਾਕਤ ਪ੍ਰਦਾਨ ਕਰਨ ਤੇ ਅਸੀਂ ਉਸ ਭਵਿੱਖ ਨੂੰ ਹਾਸਲ ਕਰ ਸਕਦੇ ਹਾਂ, ਜੋ ਅਸੀਂ ਚਾਹੁੰਦੇ ਹਾਂ।
4. ਗਰੀਬੀ ਦੇ ਬਾਰੇ- ਗਰੀਬੀ ਮਨੁੱਖ ਨੂੰ ਸਿਰਫ਼ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਤੋਂ ਹੀ ਲਈਂ ਰੋਕਦੀ ਹੈ, ਉਹ ਇੱਕ ਇਨਸਾਨ ਨੂੰ ਆਪਣੀ ਅਸਲ ਪ੍ਰਤਿਭਾ ਅਨੁਸਾਰ ਪ੍ਰਦਰਸ਼ਨ ਕਰਨ ਤੋਂ ਵੀ ਰੋਕ ਦਿੰਦੀ ਹੈ।
5. ਮਨੁੱਖ ਜਾਤੀ ਦੇ ਵਿਕਾਸ ਵਿਚ ਨਿਵੇਸ਼ ਤੋਂ ਬਿਨਾਂ ਕਿਸੇ ਵੀ ਅਰਥ ਸ਼ਾਸਤਰ ਦਾ ਵਿਕਾਸ ਸੰਭਵ ਲਈਂ ਹੈ।
6. ਮੰਦੀ ਦੇ ਬਾਰੇ- 2008 ਤੋਂ ਆਰੰਭ ਹੋਈ ਵਿਸ਼ਵ ਵਿਆਪੀ ਮੰਦੀ ਦੀ ਮਾਰ ਹੁਣ ਪੀ ਪੱਛਮੀ ਮੁਲਕਾਂ ਤੇ ਪੈ ਰਹੀ ਹੈ। ਉਹਨਾਂ ਦੇ ਆਰਥਿਕ ਵਿਕਾਸ ਦੀ ਦਰ ਠੰਢੀ ਪੈ ਗਈ ਹੈ। ਆਕਸਫੋਰਡ ਯੂਨੀਵਰਸਿਟੀ ਦੇ ਬਿਜ਼ਨਸ ਸਕੂਲ ਵਿਚ ਇਸਦੇ ਕਾਰਨਾਂ ਅਤੇ ਇਸ ਤੋਂ ਨਿਕਲਣ ਦੇ ਉਪਾਵਾਂ ਤੇ ਚਰਚਾ ਹੋ ਰਹੀ ਹੈ। ਅਰਥ ਵਿਵਸਥਾ ਦੇ ਸਰੂਪ ਨੂੰ ਲੈ ਕੇ ਛਿੜੀ ਬਹਿਸ ਵਿਚ ਅਮਰੱਤਿਆ ਸੇਨ ਨੇ ਕਿਹਾ ਕਿ ਪੱਛਮੀ ਅਰਥ ਵਿਵਸਥਾਵਾਂ ਨੂੰ ਭਾਰਤ ਅਤੇ ਚੀਨ ਤੋਂ ਸਿੱਖਿਆ ਲੈਣੀ ਚਾਹੀਦੀ ਹੈ।



# ਪਰਾਲੀ ਜਲਾਉਣ ਦਾ ਮੁੱਦਾ, ਪ੍ਰਦੂਸ਼ਣ ਅਤੇ ਸਰਕਾਰ ਦਾ ਫ਼ਰਜ਼

**ਕਿਸਾਨ ਕਹਿੰਦੇ ਹਨ ਕਿ ਇੱਕ ਏਕੜ ਫਸਲ ਦੀ ਪਰਾਲੀ ਜਾਲਣ ਲਈ ਇੱਕ ਤੋਂ ਡੇਢ ਹਜ਼ਾਰ ਰੁਪਏ ਦਾ ਖਰਚ ਆਉਂਦਾ ਹੈ, ਪਰ ਖੇਤ ਵਿੱਚ ਰੂਟਾਵੇਟਰ ਜਿਹੀਆਂ ਮਸ਼ੀਨਾਂ ਦੇ ਰਾਹੀਂ ਪਰਾਲੀ ਖੇਤ ਵਿੱਚ ਗਾਲਣ ਲਈ ਵਹਾਈ ਆਦਿ ਦਾ ਖਰਚ ਪੰਜ ਤੋਂ ਛੇ ਹਜ਼ਾਰ ਰੁਪਏ ਹੈ। ਪੰਜਾਬ ਤੇ ਹਰਿਆਣਾ ਦੋਵਾਂ ਸਰਕਾਰਾਂ ਦੇ ਨਾਲ-ਨਾਲ ਕੇਂਦਰ ਸਰਕਾਰ ਨੇ ਇਸ ਮਾਮਲੇ ਉਤੇ ਕਿਸਾਨਾਂ ਪ੍ਰਤੀ ਬੇਰੁਖੀ ਵਿਖਾਈ ਹੈ। ਸਿੱਟਾ ਮਜ਼ਬੂਰਨ ਕਿਸਾਨ ਪਰਾਲੀ ਜਲਾ ਰਹੇ ਹਨ, ਜ਼ੁਰਮਾਨੇ ਭਰ ਰਹੇ ਹਨ, ਨਤੀਜਾ ਦਿੱਲੀ-ਐਨ ਸੀ ਆਰ ਦੇ ਲੋਕ ਜਿਹੜੇ ਪਹਿਲਾਂ ਹੀ ਪ੍ਰਦੂਸ਼ਣ ਦੀ ਮਾਰ ਹੇਠ ਹਨ, ਦਿੱਲੀ ਸਰਕਾਰ ਅਨੁਸਾਰ ਇਸ ਧੂੰਏ ਕਾਰਨ ਹੋਰ ਵੀ ਪ੍ਰੇਸ਼ਾਨ ਹੋ ਰਹੇ ਹਨ। ਸਰਕਾਰ ਜਿਹੜੀ ਪਹਿਲਾਂ ਹੀ ਲੋਕਾਂ ਦੀ ਸਿੱਖਿਆ, ਸਿਹਤ ਸਹੂਲਤ ਤੋਂ ਮੂੰਹ ਮੋੜੀ ਬੈਠੀ ਹੈ, ਉਹ ਵਾਤਾਵਰਨ ਦੀ ਸ਼ੁਧਤਾ ਅਤੇ ਸਾਫ ਸੁਥਰਾ ਪਾਣੀ ਆਮ ਲੋਕਾਂ ਨੂੰ ਮੁਹੱਈਆ ਕਰਨ ਤੋਂ ਆਤੁਰ ਹੋਈ ਬੈਠੀ ਹੈ?**



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ ਵਿੱਚ ਪਰਾਲੀ ਜਲਾਉਣ ਦੇ ਦੋਸ਼ ਵਿੱਚ ਕਿਸਾਨਾਂ ਨੂੰ ਭਾਰੀ ਭਰਕਮ ਜ਼ੁਰਮਾਨੇ ਕੀਤੇ ਜਾ ਰਹੇ ਹਨ। ਉਪਗ੍ਰਹਿ ਰਾਹੀਂ ਪ੍ਰਾਪਤ ਸੂਚਨਾ ਦੇ ਅਧਾਰ ਉਤੇ ਖੇਤ ਦੀ ਨਿਸ਼ਾਨਦੇਹੀ ਕਰਕੇ ਸਬੰਧਤ ਅਫ਼ਸਰ (ਪਟਵਾਰੀ ਸਮੇਤ) ਮੌਕੇ ਦਾ ਮੁਆਇਨਾ ਕਰਦੇ ਹਨ ਅਤੇ ਕਿਸਾਨਾਂ ਨੂੰ ਸਬ- ਡਿਵੀਜ਼ਨ ਦਫ਼ਤਰਾਂ 'ਚ ਸੱਦਕੇ ਜ਼ੁਰਮਾਨੇ ਲਾਏ ਜਾ ਰਹੇ ਹਨ। ਉਹ ਸਰਕਾਰ ਜਿਸ ਵਲੋਂ ਡੰਕੇ ਦੀ ਚੋਟ ਉਤੇ ਇਹ ਕਿਹਾ ਗਿਆ ਸੀ ਕਿ ਕਿਸਾਨ ਅਗਲੇ ਸਾਲ ਪਰਾਲੀ ਨਾ ਜਲਾਉਣ, ਉਹਨਾ ਨੂੰ ਪਰਾਲੀ ਸੰਭਾਲਣ ਵਾਲੀਆਂ ਮਸ਼ੀਨਾਂ ਭਾਰੀ-ਭਰਕਮ ਸਬਸਿਡੀ ਉਤੇ ਦਿੱਤੀਆਂ ਜਾਣਗੀਆਂ। ਉਪਰਲੀ, ਹੇਠਲੀ, ਸਰਕਾਰ ਦਾ ਇਹ ਵਾਅਦਾ ਆਖ਼ਰ ਵਫਾ ਕਿਉਂ ਨਹੀਂ ਹੋਇਆ?

ਕਿਸਾਨ ਕਹਿੰਦੇ ਹਨ ਕਿ ਇੱਕ ਏਕੜ ਫਸਲ ਦੀ ਪਰਾਲੀ ਜਾਲਣ ਲਈ ਇੱਕ ਤੋਂ ਡੇਢ ਹਜ਼ਾਰ ਰੁਪਏ ਦਾ ਖਰਚ ਆਉਂਦਾ ਹੈ, ਪਰ ਖੇਤ ਵਿੱਚ ਰੂਟਾਵੇਟਰ ਜਿਹੀਆਂ ਮਸ਼ੀਨਾਂ ਦੇ ਰਾਹੀਂ ਪਰਾਲੀ ਖੇਤ ਵਿੱਚ ਗਾਲਣ ਲਈ ਵਹਾਈ ਆਦਿ ਦਾ ਖਰਚ ਪੰਜ ਤੋਂ ਛੇ ਹਜ਼ਾਰ ਰੁਪਏ ਹੈ। ਪੰਜਾਬ ਤੇ ਹਰਿਆਣਾ ਦੋਵਾਂ ਸਰਕਾਰਾਂ ਦੇ ਨਾਲ-ਨਾਲ ਕੇਂਦਰ ਸਰਕਾਰ ਨੇ ਇਸ ਮਾਮਲੇ ਉਤੇ ਕਿਸਾਨਾਂ ਪ੍ਰਤੀ ਬੇਰੁਖੀ ਵਿਖਾਈ ਹੈ। ਸਿੱਟਾ ਮਜ਼ਬੂਰਨ ਕਿਸਾਨ ਪਰਾਲੀ ਜਲਾ ਰਹੇ ਹਨ, ਜ਼ੁਰਮਾਨੇ ਭਰ ਰਹੇ ਹਨ, ਨਤੀਜਾ ਦਿੱਲੀ-ਐਨ ਸੀ ਆਰ ਦੇ ਲੋਕ ਜਿਹੜੇ ਪਹਿਲਾਂ ਹੀ ਪ੍ਰਦੂਸ਼ਨ ਦੀ ਮਾਰ ਹੇਠ ਹਨ, ਦਿੱਲੀ ਸਰਕਾਰ ਅਨੁਸਾਰ ਇਸ ਧੂੰਏ ਕਾਰਨ ਹੋਰ ਵੀ ਪ੍ਰੇਸ਼ਾਨ ਹੋ ਰਹੇ ਹਨ। ਸਰਕਾਰ ਜਿਹੜੀ ਪਹਿਲਾਂ ਹੀ ਲੋਕਾਂ ਦੀ ਸਿੱਖਿਆ, ਸਿਹਤ ਸਹੂਲਤ ਤੋਂ ਮੂੰਹ ਮੋੜੀ ਬੈਠੀ ਹੈ, ਉਹ ਵਾਤਾਵਰਨ ਦੀ ਸ਼ੁਧਤਾ ਅਤੇ ਸਾਫ ਸੁਥਰਾ ਪਾਣੀ ਆਮ ਲੋਕਾਂ ਨੂੰ ਮੁਹੱਈਆ ਕਰਨ ਤੋਂ ਆਤੁਰ ਹੋਈ ਬੈਠੀ ਹੈ?

ਹਾਲੀ ਵਰ੍ਹਾ ਹੀ ਬੀਤਿਆ ਹੈ, ਕੇਂਦਰ ਦੀ ਸਰਕਾਰ ਨੇ ਪ੍ਰਦੂਸ਼ਣ ਦੀ ਰੋਕਥਾਮ ਲਈ ਉਤਰ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਨੂੰ ਥੋੜ੍ਹੀ ਰਾਹਤ ਦੇਣ ਦਾ ਵਾਇਦਾ ਕਰਕੇ ਇਹ ਆਖਿਆ ਸੀ ਕਿ ਕੇਂਦਰ ਸਰਕਾਰ ਉਹਨਾ ਤੋਂ ਪਰਾਲੀ ਖਰੀਦੇਗੀ, ਉਸਤੋਂ ਬਿਜਲੀ ਦਾ ਉਤਪਾਦਨ ਕਰੇਗੀ। ਇਸ ਸਬੰਧੀ ਪੰਜਾਬ ਦੀ ਸਰਕਾਰ ਨੇ ਪਰਾਲੀ ਪ੍ਰਬੰਧਨ ਮਸ਼ੀਨਾਂ ਲਈ 100 ਫੀਸਦੀ ਖਰਚਾ ਚੁੱਕਣ ਲਈ ਕਿਹਾ, ਜਦਕਿ ਮੌਜੂਦਾ ਨਿਯਮਾਂ ਅਨੁਸਾਰ 40 ਫੀਸਦੀ ਖਰਚਾ ਸੂਬਾ ਸਰਕਾਰ ਨੂੰ ਸਹਿਣ ਕਰਨਾ ਪੈਂਦਾ ਹੈ ਪਰ ਇਹ ਮਸ਼ੀਨਾਂ ਦਾ ਪ੍ਰਬੰਧ ਹੁਣ ਤੱਕ ਵੀ ਨਾ ਹੋ ਸਕਿਆ ਕਿਉਂਕਿ ਕੇਂਦਰ ਦੀ ਸਰਕਾਰ ਨੇ ਮਸ਼ੀਨਾਂ ਖਰੀਦਣ ਲਈ ਕੋਈ ਰਾਹਤ ਹੀ ਨਾ ਦਿੱਤੀ। ਖਜ਼ਾਨਾ ਖਾਲੀ ਹੋਣ ਦਾ ਰੌਲਾ ਪਾਉਣ ਵਾਲੀ ਪੰਜਾਬ ਸਰਕਾਰ ਨੇ 'ਊਠ ਤੋਂ ਛਾਨਣੀ' ਲਾਹੁਣ ਵਾਂਗਰ ਪ੍ਰਤੀ ਕਵਿੰਟਲ ਪਰਾਲੀ ਉਤੇ 100 ਰੁਪਏ ਦੀ ਪਰਾਲੀ ਦੇਣ ਦੀ ਘੋਸ਼ਣਾ ਕਰ ਦਿੱਤੀ। ਬਾਵਜੂਦ ਸੁਪਰੀਮ ਕੋਰਟ ਦੇ ਹੁਕਮਾਂ ਦੇ ਕਿ ਇਸ ਅਤਿਅੰਤ ਵੱਡੀ ਸਮੱਸਿਆ ਦਾ ਹੱਲ ਲੱਭਣ ਲਈ ਕੋਈ ਸਥਾਈ ਹੱਲ ਲੱਭਿਆ ਜਾਣਾ ਚਾਹੀਦਾ ਹੈ। ਦਿੱਲੀ ਹਾਈ ਕੋਰਟ ਵਿੱਚ ਵੀ ਪਰਾਲੀ ਤੋਂ ਦੇਸੀ ਖਾਦ ਬਨਾਉਣ ਦੀ ਮੰਗ ਰੱਖੀ ਗਈ ਤਾਂ ਉਸ ਵਲੋਂ ਵੀ ਕਿਹਾ ਗਿਆ ਕਿ ਕਿਸਾਨਾਂ ਦੀ ਪੈਦਾਵਾਰ ਵੀ ਵਧੇ ਅਤੇ ਪ੍ਰਦੂਸ਼ਣ ਤੇ ਲਗਾਮ ਵੀ ਪਵੇ। ਪਰ ਕੇਂਦਰ ਸਰਕਾਰ ਦੇ ਕੰਨਾਂ ਉਤੇ ਜੂੰ ਤੱਕ ਨਾ ਸਰਕੀ! ਆਖਰ ਸਰਕਾਰ ਇੰਨੀ ਸੰਵੇਦਨਹੀਣ ਕਿਉਂ ਹੋ ਗਈ ਹੈ? ਜਿਹੜੀ ਵੋਟ ਦੀ ਰਾਜਨੀਤੀ ਲਈ ਤਾਂ ਵਿਰਾਸਤ ਸੰਭਾਲਣ ਦੇ ਨਾਮ ਉਤੇ 2900 ਕਰੋੜ ਖਰਚੀ ਜਾਂਦੀ ਹੈ, ਪਰ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੁਝ ਹਜ਼ਾਰ ਕਰੋੜ ਰੁਪਏ ਖਰਚ ਕਰਨ ਲਈ ਵੀ ਤਿਆਰ ਨਹੀਂ ਦਿਸਦੀ।



ਪੰਜਾਬ ਤੇ ਹਰਿਆਣਾ ਹਰ ਸਾਲ ਤਿੰਨ ਕਰੋੜ ਟਨ ਪਰਾਲੀ ਪੈਦਾ ਕਰਦਾ ਹੈ। ਇਸ ਵਿਚੋਂ 2.3 ਕਰੋੜ ਟਨ ਪਰਾਲੀ ਖੇਤਾਂ ਵਿੱਚ ਹੀ ਜਾਲ ਦਿੱਤੀ ਜਾਂਦੀ ਹੈ। ਭਾਵੇਂ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਕਹਿਣਾ ਹੈ ਕਿ ਬੀਤੇ ਦੋ ਸਾਲਾਂ ਦੀ ਨਿਸਬਤ ਪਰਾਲੀ ਜਲਾਉਣ ਦੀਆਂ ਘਟਨਾਵਾਂ ਪੰਜ ਗੁਣਾ ਤੱਕ ਘੱਟ ਹੋਈਆਂ ਹਨ, ਹਾਲਾਂਕਿ ਕਿ ਪਰਾਲੀ ਦੇ ਨਿਪਟਾਰੇ ਲਈ ਕਿਸੇ ਖਾਸ ਤਕਨੀਕ ਦੀ ਵਰਤੋਂ ਨਹੀਂ ਹੋਈ। ਤਦ ਵੀ ਪੰਜਾਬ ਹਰਿਆਣਾ 'ਚ ਪਰਾਲੀ ਜਲਾਉਣ ਦਾ ਅਸਰ ਦਿੱਲੀ ਦੇ ਮੁੱਖ ਮੰਤਰੀ ਅਨੁਸਾਰ ਦਿੱਲੀ-ਐਨ ਸੀ ਆਰ 'ਚ ਦੇਖਣ ਨੂੰ ਮਿਲਿਆ ਹੈ, ਜਿਥੇ ਹਵਾ ਗੁਣਵਤਾ ਬਹੁਤ ਖਰਾਬ ਹੈ। ਇਥੇ ਈ ਸੀ ਆਈ (ਏਅਰ ਕਵਾਲਟੀ ਇੰਡੈਕਸ) ਇੰਡੈਕਸ 400 ਅੰਕ ਦੀ ਖਤਰਨਾਕ ਹਾਲਤ ਟੱਪ ਚੁੱਕਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਸਫਰ ਭਾਵ ਸਿਸਟਮ ਆਫ ਏਅਰ ਕਵਾਲਿਟੀ ਫੋਰਕਾਸਟਿੰਗ ਐਂਡ ਰਿਕਾਰਡ ਦੇ ਅਨੁਸਾਰ ਇਹ ਹੋਰ ਵੀ ਵੱਧਣ ਦੀ ਸੰਭਾਵਨਾ ਹੈ। ਇਹੋ ਜਿਹੀਆਂ ਹਾਲਤਾਂ ਵਿੱਚ ਕੀ ਦਿੱਲੀ-ਐਨ ਸੀ ਆਰ ਗੈਸ ਚੈਂਬਰ ਦਾ ਰੂਪ ਧਾਰਨ ਕਰਨ ਤੋਂ ਬਚ ਜਾਏਗੀ। ਹਰ ਵਰ੍ਹੇ ਅਕਤੂਬਰ-ਨਵੰਬਰ ਵਿੱਚ ਸਰਕਾਰਾਂ ਪ੍ਰਦੂਸ਼ਣ ਮੁਕਤੀ ਦੀ ਡੌਂਡੀ ਪਿੱਟਦੀਆਂ ਹਨ, ਬਾਕੀ 10 ਮਹੀਨੇ ਉਹਨਾ ਦੇ ਮੂੰਹ ਦੇ ਚੇਪੀ ਲੱਗ ਜਾਂਦੀ ਹੈ। ਕੇਂਦਰ ਸਰਕਾਰ, ਸੂਬਾ ਸਰਕਾਰ, ਮਿਊਂਸੀਪਲ ਕਾਰਪੋਰੇਸ਼ਨ, ਕੇਂਦਰੀ ਅਤੇ ਸੂਬਾਈ ਕੰਟਰੋਲ ਬੋਰਡ ਇਸ ਨਹਾਇਤ ਗੰਭੀਰ ਸਮੱਸਿਆ ਤੋਂ ਲੋਕਾਂ ਨੂੰ ਛੁਟਕਾਰਾ ਦੁਆਉਣ ਲਈ ਅਮਲੀ ਕਦਮ ਪੁੱਟਣ ਦੀ ਥਾਂ ਉਲਟਾ ਇੱਕ ਦੂਜੇ ਉਤੇ ਦੋਸ਼ ਲਗਾਉਣ ਦਾ ਸਿਲਸਿਲਾ ਚਾਲੂ ਕਰ ਦਿੰਦੇ ਹਨ।

ਵੇਖਣ ਦੀ ਲੋੜ ਹੈ ਕਿ ਕੀ ਦਿੱਲੀ ਵਿੱਚ ਪ੍ਰਦੂਸ਼ਣ ਸਿਰਫ ਪਰਾਲੀ ਜਲਾਉਣ ਨਾਲ ਪੈਦਾ ਹੁੰਦਾ ਹੈ। ਇਹ ਇੱਕ ਕਾਰਨ ਤਾਂ ਹੋ ਸਕਦਾ ਹੈ, ਪਰ ਇੱਕੋ ਇੱਕ ਨਹੀਂ। ਮੰਨਿਆ ਕਿ ਯੂ.ਪੀ., ਪੰਜਾਬ, ਹਰਿਆਣਾ ਦੇ ਕੁਝ ਹਿੱਸਿਆਂ ਵਿੱਚ ਜਲਾਈ ਜਾਣ ਵਾਲੀ ਪਰਾਲੀ ਇਸਦੀ ਕੁੱਝ ਹੱਦ ਤੱਕ ਜ਼ਿੰਮੇਵਾਰ ਹੋਏਗੀ ਪਰ ਪੰਜਾਬ ਦੇ ਅਧਿਕਾਰੀ ਦਾਅਵਾ ਕਰਦੇ ਹਨ ਕਿ ਪਰਾਲੀ ਸਾੜਨ ਦਾ ਅਸਰ ਇਸ ਵਰ੍ਹੇ ਦਿੱਲੀ ਵੱਲ ਨਹੀਂ ਗਿਆ, ਕਿਉਂਕਿ ਹਵਾ ਦਾ ਰੁਖ ਰਾਜਸਥਾਨ ਵੱਲ ਹੈ। ਪਰ ਸੜਕਾਂ ਉਤੇ ਚੱਲਦੇ ਵਾਹਨ ਅਤੇ ਇਮਾਰਤਾਂ ਦੇ ਨਿਰਮਾਣ ਸਮੇਂ ਉਡਦੇ ਪੀ ਐਮ ਧੂੜ ਦੇ ਕਣ ਵੀ ਪ੍ਰਦੂਸ਼ਣ 'ਚ ਕੋਈ ਘੱਟ ਯੋਗਦਾਨ ਨਹੀਂ ਪਾਉਂਦੇ। ਹਰ ਦਿਨ 1400 ਵਾਹਨ ਦੇਸ਼ ਵਿੱਚ ਸੜਕਾਂ ਉਤੇ ਨਵੇਂ ਵੇਖਣ ਨੂੰ ਮਿਲ ਰਹੇ ਹਨ। ਹਵਾ ਪ੍ਰਦੂਸ਼ਣ ਵਿੱਚ ਪੀਐਮ 2.5 ਕਣਾਂ ਦੀ 28 ਫੀਸਦੀ ਹਿੱਸੇਦਾਰੀ ਹੈ। ਇਸ ਹਵਾ ਪ੍ਰਦੂਸ਼ਣ ਕਾਰਨ ਇੱਕਲੀ ਦਿੱਲੀ-ਐਨ ਸੀ ਆਰ ਹੀ ਨਹੀਂ, ਪੂਰਾ ਦੇਸ਼ ਇਸ ਸਮੱਸਿਆ ਨਾਲ ਜੂਝ ਰਿਹਾ ਹੈ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਦੱਸਦੀ ਹੈ ਜਿਸ ਵਿੱਚ 4300 ਸ਼ਹਿਰਾਂ ਦਾ ਸਰਵੇ ਕੀਤਾ ਗਿਆ ਹੈ, ਜਿਹਨਾ ਵਿੱਚ ਉਪਰਲੇ ਸਭ ਤੋਂ ਵੱਧ 20 ਪ੍ਰਦੂਸ਼ਿਤ ਸ਼ਹਿਰਾਂ ਵਿੱਚ ਕਾਨਪੁਰ (ਯੂ.ਪੀ.)ਨੰਬਰ ਇੱਕ ਹੈ। ਇਸ ਸੂਚੀ ਵਿੱਚ ਦਿੱਲੀ ਵੀ ਹੈ, ਫਰੀਦਾਬਾਦ ਵੀ। ਗਾਜ਼ੀਆਬਾਦ ਵੀ ਹੈ ਅਤੇ ਗੁੜਗਾਉਂ ਅਤੇ ਨੋਇਡਾ ਵੀ ਹੈ। ਰਿਪੋਰਟ ਅਨੁਸਾਰ ਦਿੱਲੀ ਤੇ ਇਸਦੇ ਆਸ ਪਾਸ ਦੇ ਪੰਜ ਵੱਡੇ ਸ਼ਹਿਰਾਂ 'ਚ ਹਵਾ ਦੀ ਗੁਣਵੱਤਾ ਖਤਰਨਾਕ ਪੱਧਰ ਤੱਕ ਪੁੱਜ ਚੁੱਕੀ ਹੈ। 2016 ਦੀ ਵਿਸ਼ਵ ਸੰਗਠਨ ਰਿਪੋਰਟ ਅਨੁਸਾਰ ਪ੍ਰਦੂਸ਼ਿਤ ਜ਼ਹਿਰੀਲੀ ਹਵਾ ਕਾਰਨ ਦੇਸ਼ ਭਰ 'ਚ ਪੰਜ ਸਾਲ ਤੱਕ ਦੇ ਇੱਕ ਲੱਖ ਬੱਚਿਆਂ ਦੀ ਮੌਤ ਹੋ ਗਈ ਸੀ। ਪ੍ਰਦੂਸ਼ਿਤ ਹਵਾ ਭਿਅੰਕਰ ਬੀਮਾਰੀਆਂ ਮਨੁੱਖ ਨੂੰ ਵੀ, ਜਾਨਵਰਾਂ, ਪਸ਼ੂ ਪੰਛੀਆਂ ਨੂੰ ਵੀ ਦਿੰਦੀ ਹੈ। ਇਸ ਕਾਰਨ ਸਥਿਤੀ ਇੰਨੀ ਗੰਭੀਰ ਹੈ ਕਿ ਹਵਾ ਪ੍ਰਦੂਸ਼ਣ ਕਾਰਨ ਸਥਿਤੀ ਕਿਸੇ ਵੀ ਸਮੇਂ ਵਿਸਫੋਟਕ ਹੋ ਸਕਦੀ ਹੈ।

ਬਹੁਤ ਵੱਡੀਆਂ ਸਕੀਮਾਂ ਭਾਰਤ ਦੇ ਨਾਗਰਿਕਾਂ ਲਈ ਕੇਂਦਰ ਸਰਕਾਰ ਵਲੋਂ ਘੜੀਆਂ ਗਈਆਂ ਹਨ। ਉਹਨਾ ਵਿਚੋਂ ਸਵੱਛ ਭਾਰਤ ਬਹੁਤ ਪ੍ਰਚਾਰੀ ਗਈ ਹੈ। ਇਸ ਸਕੀਮ ਅਧੀਨ ਸਿਰਫ ਟਾਇਲਟ ਉਸਾਰੇ ਜਾ ਰਹੇ ਹਨ। ਪਿਛਲੇ ਚਾਰ ਸਾਲਾਂ ਵਿੱਚ ਸੈਪਟਿਕ ਟੈਂਕ ਵਾਲੇ ਸੱਤ ਕਰੋੜ ਟਾਇਲਟ ਬਣਾਏ ਗਏ ਹਨ ਕਿਉਂਕਿ ਸਰਕਾਰ ਦਾ ਧਿਆਨ ਕੇਵਲ ਖੁਲ੍ਹੇ 'ਚ ਲੋਕਾਂ ਨੂੰ ਟਾਇਲਟ ਜਾਣ ਤੋਂ ਰੋਕਣਾ ਹੈ, ਪਰ ਦੇਸ਼ 'ਚ ਬਣਾਏ ਗਏ ਅੰਡਰ ਗਰਾਊਂਡ ਸੀਵਰੇਜ ਸਿਸਟਮ ਦੀ ਹਾਲਤ ਮੰਦੀ ਹੈ, ਜਿਹੜਾ ਦਰਜਨਾਂ ਬੀਮਾਰੀਆਂ ਦਾ ਕਾਰਨ ਹੈ। ਇਹ ਸੀਵਰੇਜ ਬਹੁਤ ਥਾਵਾਂ ਤੋਂ ਲੀਕ ਕਰਦੇ ਹਨ, ਇਹਨਾ ਦੀ ਸਫਾਈ ਦਾ ਕੰਮ ਬਹੁਤਾ ਕਰਕੇ ਸਫਾਈ ਕਰਮਚਾਰੀ ਕਰਦੇ ਹਨ। ਹਰ ਸਾਲ ਸੀਵਰੇਜ ਦੀ ਸਫਾਈ ਕਰਦੇ ਸਮੇਂ ਸੈਂਕੜੇ ਸਫਾਈ ਕਰਮਚਾਰੀ ਇਸ 'ਚੋਂ ਨਿਕਲਦੀ ਗੰਦੀ ਹਵਾ ਨਾਲ ਮਰ ਜਾਂਦੇ ਹਨ। ਪਿਛਲੇ ਇੱਕ ਦਹਾਕੇ 'ਚ ਮੁੰਬਈ ਤੇ ਦਿੱਲੀ ਵਿੱਚ ਹੀ 1794 ਸਫਾਈ ਕਰਮਚਾਰੀਆਂ ਦੀ ਮੌਤ ਇਹਨਾ ਸੀਵਰੇਜ ਮੈਨ ਹੋਲ ਦੀ ਸਫਾਈ ਕਰਦਿਆਂ ਹੋਈ।

ਹਾਲੇ ਤੱਕ ਕਿਸੇ ਰੋਬੋਟਿਕ ਤਕਨੀਕ ਨੂੰ ਇਸ ਸਫਾਈ ਲਈ ਨਹੀਂ ਵਰਤਿਆਂ ਜਾਂਦਾ। ਸੀਵਰੇਜ ਦਾ ਪਾਣੀ ਖਾਸ ਕਰਕੇ ਬਰਸਾਤਾਂ ਦੇ ਦਿਨਾਂ ਵਿੱਚ ਮਿਊਂਸਪਲ ਕਮੇਟੀ ਵਲੋਂ ਸਪਲਾਈ ਪਾਣੀ 'ਚ ਲੀਕੇਜ ਕਾਰਨ ਰਲਗਡ ਹੋ ਜਾਂਦਾ ਹੈ ਤੇ ਬੀਮਾਰੀਆਂ ਦਾ ਕਾਰਨ ਬਣਦਾ ਹੈ।

ਹਵਾ ਤੇ ਪਾਣੀ ਪ੍ਰਦੂਸ਼ਣ ਦੀ ਸਮੱਸਿਆ ਦੇਸ਼ ਵਿੱਚ ਵੱਡੀਆਂ ਸਮੱਸਿਆਵਾਂ ਪੈਦਾ ਕਰ ਰਹੀ ਹੈ।ਹਵਾ ਪ੍ਰਦੂਸ਼ਣ ਕਾਰਨ ਸਾਲ 2010 ਵਿੱਚ ਦੇਸ਼ ਵਿੱਚ 6.2 ਲੱਖ ਅਣਆਈਆਂ ਮੌਤਾਂ ਸਮੇਂ ਤੋਂ ਪਹਿਲਾਂ ਹੋਈਆਂ ਜਦਕਿ 2000 ਵਿੱਚ ਇਹਨਾ ਮੌਤਾਂ ਦੀ ਗਿਣਤੀ ਇੱਕ ਲੱਖ ਸੀ। ਇਹ ਸਥਿਤੀ ਪਿਛਲੇ ਸਾਲਾਂ 'ਚ ਹੋਰ ਵੀ ਭਿਅੰਕਰ ਹੋਈ ਹੈ! ਮਨੁੱਖ ਦੀ ਪਹਿਲੀ ਲੋੜ ਜੇਕਰ ਧਰਤੀ ਉਤੇ ਹੈ ਤਾਂ ਉਹ ਸਾਫ ਪਾਣੀ ਅਤੇ ਸਾਫ ਹਵਾ ਹੈ। ਜੇਕਰ ਸਰਕਾਰਾਂ ਦਾ ਚੰਗੀ ਸਿਹਤ, ਚੰਗੀ ਪੜ੍ਹਾਈ ਦੇ ਨਾਲ ਨਾਲ ਆਪਣੇ ਨਾਗਰਿਕਾਂ ਨੂੰ ਸ਼ੁੱਧ ਵਾਤਾਵਰਨ ਦੇਣ ਪ੍ਰਤੀ ਅਵੇਸਲਾਪਨ ਇਵੇਂ ਹੀ ਰਹੇਗਾ ਜਾਂ ਉਹ ਲੋਕ ਹਿੱਤ ਯੋਜਨਾਵਾਂ ਲਾਗੂ ਕਰਕੇ ਦੇਸ਼ ਨੂੰ ਪ੍ਰਦੂਸ਼ਣ ਰਹਿਤ ਵਾਤਾਵਰਨ ਮੁਹੱਈਆਏ ਨਹੀਂ ਕਰਨਗੇ ਤਦ ਹੋਰ ਵੀ ਦੁੱਭਰ ਹੋ ਜਾਏਗੀ, ਲੋਕਾਂ ਦੀ ਜ਼ਿੰਦਗੀ।

ਸਿਰਫ ਪਰਾਲੀ ਜਲਾਉਣ ਵਰਗੇ ਮੁੱਦਿਆਂ ਉਤੇ ਰਾਜਨੀਤੀ ਕਰਕੇ ਦੇਸ਼ ਦੇ ਮਾਹੌਲ ਨੂੰ ਗੰਦਲਾ ਕਰਨ ਨਾਲ ਕੁੱਝ ਵੀ ਸੌਰਨ ਵਾਲਾ ਨਹੀਂ ਹੈ।

# ਵਸਦੇ ਘਰਾਂ ਨੂੰ ਉਜਾੜਦੀ ਹੈ ਮਨਾਂ ਦੀ ਕੁੜੱਤਣ



ਨਵਜੋਤ ਬਜਾਜ (ਗੱਗੂ)
91-98721-02614

ਘਰ ਸ਼ਬਦ ਦਾ ਅਰਥ ਘ-ਘੁਲ-ਮਿਲ ਕੇ ਰਹਿਣਾ ਭਾਵ ਘਰ ਦੇ ਜੀਆ ਦਾ ਮਿਲਵਰਤਣ ਨਾਲ ਰਹਿਣਾ ਹੈ।ਘਰ ਸੀਮਿੰਟ-ਇੱਟਾ ਤੇ ਗਾਰੇ ਨਾਲ ਬਣਾਏ ਜਾਦੇ ਹਨ ਪਰ ਘਰ ਨੂੰ ਵਸਾਉਣ ਲਈ ਆਪਸੀ ਤਾਲਮੇਲ,ਪਿਆਰ,ਨਿਮਰਤਾ,ਸ਼ਹਿਣਸ਼ੀਲਤਾ ਅਤੇ ਵਿਸ਼ਵਾਸ ਦਾ ਹੋਣਾ ਜਰੂਰੀ ਹੈ,ਇਹ ਘਰ ਦੇ ਹਰ ਇੱਕ ਜੀਅ ਦਾ ਮੁਢਲਾ ਫਰਜ ਹੈ ਜਾਂ ਇਜ ਕਹਿ ਲਉ ਘਰ ਬਣਾਉਣਾ ਜਿੰਨਾ ਸੌਖਾ ਹੈ ਇਸ ਨੂੰ ਵਸਾਉਣਾ ਉਨਾ ਹੀ ਔਖਾ ਹੈ।ਵਸਦਿਆ ਘਰਾ ਵਿੱਚ ਹਮੇਸਾ ਖੁਸੀ ਭਰਿਆ ਮਹੋਲ ਬਣਿਆ ਰਹਿੰਦਾ ਹੈ ਜਿਸ ਘਰ ਦੇ ਲੋਕ ਇੱਕ ਦੂਜੇ ਨਾਲ ਪਿਆਰ, ਹਮਦਰਦੀ ਤੇ ਸਦ ਭਾਵਨਾ ਨਾਲ ਰਹਿੰਦੇ ਹੋਣ, ਉਸ ਘਰ ਵਿੱਚ ਸਾਰਾ ਮਹੌਲ ਖੁਸ ਗਵਾਰ ਦੇ ਸਦਾ ਹਸਦਾ-ਵਸਦਾ ਰਹਿੰਦਾ ਹੈ।ਅਜਿਹੇ ਘਰਾ ਵਿੱਚ ਪ੍ਰਮਾਤਮਾ ਵੀ ਬਰਕਤਾ ਦੇ ਢੇਰ ਲਾ ਦਿੰਦਾ ਹੈ।ਕਦੇ ਵੀ ਕਿਸੇ ਚੀਜ ਦੀ ਕਮੀ ਨਹੀ ਰਹਿੰਦੀ ਕਿਉਕਿ ਇਸ ਤਰਾਂ ਦੇ ਪ੍ਰੀਵਾਰ ਦੇ ਸਾਰੇ ਲੋਕ ਆਪਣੇ ਨਿੱਜੀ ਹਿਤਾ ਨੂੰ ਭੁੱਲ ਕੇ ਇੱਕ ਮੁਠ ਹੋ ਕੇ ਘਰ ਦੀ ਤਰੱਕੀ ਤੇ ਬੇਹਤਰੀ ਲਈ ਹਮੇਸਾ ਇੱਕ ਮੱਤ ਰਹਿੰਦੇ ਹਨ ।ਪਰ ਇਸ ਦੇ ਉਲਟ ਜਿਸ ਘਰ ਦਾ ਮਾਹੌਲ ਤਣਾਅ ਭਰਿਆ ਅਤੇ ਪੂਰਾ ਵਾਤਾਵਰਨ ਖਿੱਚ-ਧੂਹ ਵਾਲਾ ਰਹੇ ਉਥੇ ਹਸਦੇ-ਵਸਦੇ ਘਰ ਵੀ ਪਲਾ ਵਿੱਚ ਬਰਬਾਦ ਹੋ ਜਾਦੇ ਹਨ।ਅਜਿਹੇ ਘਰਾ ਵਿੱਚ ਕਦੇ ਵੀ ਤਰੱਕੀ ਦਾ ਰਾਹ ਨਹੀ ਖੁਲਦਾ ਤੇ ਅਜਿਹੇ ਇਨਸਾਨ ਹਮੇਸਾ ਵੈਰ, ਈਰਖਾ, ਨਫਰਤ ਤੇ ਮਨ ਅੰਦਰ ਭਰੀ ਕੁੜੱਤਣ ਨਾਲ ਵਸਦੇ ਘਰਾ ਨੂੰ ਉਜਾੜ ਦਿੰਦੇ ਹਨ।

ਨਿੱਕੀਆ ਨਿੱਕੀਆ ਗੱਲਾ ਤੋ ਹੀ ਘਰਾ ਵਿੱਚ ਵਿਗਾੜ ਪੈਣਾ ਸੁਰੂ ਹੋ ਜਾਦਾ ਹੈ।ਨਿਕੀਆ-ਨਿਕੀਆ ਗੱਲਾ ਤਕਰਾਰਬਾਜੀ ਭਾਵੇ ਪਤੀ ਪਤਨੀ ਦੇ ਰਿਸਤੇ ਵਿੱਚ ਹੋਵੇ ਜਾਂ ਨੂੰਹ-ਸੱਸ ਜਾ ਫਿਰ ਹੋਰ ਰਿਸਤੇ ਵਿੱਚ, ਇੱਕ ਨਾ ਇੱਕ ਦਿਨ ਵੱਡੇ ਝਗੜੇ ਦਾ ਰੂਪ ਅਖਤਿਆਰ ਕਰ ਜਾਦੀ ਹੈ।ਜੇਕਰ ਸਮੇ ਸਿਰ ਇੱਕ ਦੂਜੇ ਨੂੰ ਸਮਝ ਲਿਆ ਜਾਵੇ ਤਾ ਪੂਰੇ ਘਰ ਦੇ ਮਾਹੋਲ ਲਈ ਬਹੁਤ ਚੰਗਾ ਹੈ।ਜਿਸ ਘਰ ਵਿੱਚ ਹਮੇਸਾ ਤੇਰਾ-ਮੇਰਾ-ਜਿਆਦਾ-ਥੋੜਾ ਅਤੇ ਚੰਗਾ ਮੰਦਾ ਚਲਦਾ ਰਹਿੰਦਾ ਹੈ,ਉਸ ਘਰ ਵਿੱਚੋ ਬਲ-ਵਰਕਤ ਖੰਭ ਲਾ ਕੇ ਉੱਡ ਜਾਂਦੀ ਹੈ।ਉਸ ਘਰ ਵਿੱਚ ਕਲੇਸ ਅਤੇ ਕਲਕਲ ਆਪਣੇ ਪੈਰ ਜਮਾਂ ਲੈਦੀ ਹੈ।ਉਸ ਘਰ ਅੰਦਰ ਭਰੀਆਂ ਭਰਾਈਆਂ ਤਜੋਰਿਆਂ ਵੀ ਕੁੱਝ ਸਮੇ ਬਾਅਦ ਖਾਲੀ ਹੋ ਜਾਦੀਆਂ ਹਨ।ਵੱਡੇ-ਵੱਡੇ ਸਰਮਾਏਦਾਰ ਲੋਕ ਵੀ ਘਰੇਲੂ ਫੁੱਟ ਕਾਰਨ ਤੇ ਆਪਸ ਵਿੱਚ ਮਨਾਂ ਦੀ ਕੜਤਣ ਕਾਰਣ ਬਹੁਤ ਥੋੜੇ ਸਮੇ ਵਿੱਚ ਕੰਗਾਲ ਹੋ ਜਾਂਦੇ ਹਨ।ਜਿਸ ਘਰ ਦਾ ਮਾਹੌਲ ਖਰਾਬ ਰਹੇਗਾ ਤਾਂ ਸੁਭਾਵਿਤ ਤੌਰ ਤੇ ਉਸ ਜਗਾ ਏਕਤਾ, ਹੌਸਲਾ ਤੇ ਹੱਲਾਸੇਰੀ ਵੀ ਤੁਹਾਡੇ ਕੋਲੋ ਨਹੀ ਲੰਘ ਸਕੇਗੀ ਜਦੋ ਤੱਕ ਇਹ ਤਿੰਨ ਚੀਜਾ ਕਿਸੇ ਵੀ ਇਨਸਾਨ ਨੂੰ ਨਹੀ ਮਿਲਦੀਆਂ ਉਦੋ ਤੱਕ ਕੋਈ ਵੀ ਇਨਸਾਨ, ਕਾਮਜਾਬੀ ਦੀ ਪੋੜੀ ਨਹੀ ਚੜ ਸਕਦਾ।



ਜਦੋ ਕਿਸੇ ਇਨਸਾਨ ਦਾ ਘਰ ਟੁੱਟ ਦਾ ਹੈ, ਤਾਂ ਦੁਨਿਆ ਵੀ ਰਿਸਤੇ ਖੇਰੂ-ਖੇਰੂ ਹੋ ਜਾਂਦੇ ਹਨ।ਇੱਕ ਵਾਰ ਸਬੰਧ ਟੁੱਟਣ ਤੋ ਬਾਅਦ ਦੁਬਾਰਾ ਰਿਸਤੇ ਜੋੜਣੇ ਔਖੇ ਹੋ ਜਾਂਦੇ ਹਨ, ਉਸ ਧਾਗੇ ਵਾਗ ਜੋ ਟੁੱਟਣ ਤੋ ਬਾਅਦ ਜੁੜ ਤਾਂ ਜਾਦਾ ਹੈ ਪਰ ਉਸ ਧਾਗੇ ਦੇ ਵਿਚਕਾਰ ਇੱਕ ਗੰਢ ਬਣ ਜਾਂਦੀ ਹੈ ਜੋ ਕਦੇ ਵੀ ਖਤਮ ਨਹੀ ਹੁੰਦੀ ।ਇੱਥੇ ਸਾਨੂੰ ਆਪਣੇ ਆਪ ਨੂੰ ਬਦਲਣ ਦੀ ਲੋੜ ਹੈ ਜੇ ਅਸੀ ਖੁੱਦ ਸਹੀ ਹਾਂ ਤਾਂ ਤੁਹਾਨੂੰ ਘਰ ਦੇ ਦੂਸਰੇ ਮੈਬਰ ਵੀ ਸਹੀ ਲੱਗ।।ਣਗੇ ਕਈ ਵਾਰ ਅਸੀ ਆਪਣੀ ਗਲਤੀ ਦਾ ਖਮਿਆਜਾ ਕਿਸਮਤ ਸਿਰ ਲਾ ਦਿੰਦੇ ਹਾਂ ਪਰ ਉਸ ਹਲਾਤ ਲਈ ਕਿਤੇ ਨਾ ਕਿਤੇ ਅਸੀ ਖੁੱਦ ਜੁਮੇਵਾਰ ਹੁੰਦੇ ਹਾਂ।

ਅਜੋਕੇ ਸਮੇ ਤਾਂ ਇਹ ਵੀ ਜਰੂਰੀ ਹੋ ਜਾਦਾ ਹੈ ਕਿ ਅੱਜ ਦੇ ਮਸੀਨੀ ਯੁੱਗ ਅੰਦਰ ਹਰ ਬੰਦਾ ਆਪਣੇ ਪ੍ਰੀਵਾਰ ਦੇ ਹਰ ਬੰਦੇ ਦਾ ਦੁੱਖ ਸੁੱਖ ਸਮਝ ਕੇ ਇੱਕ ਦੂਜੇ ਦੀਆਂ ਭਾਵਨਾਵਾਂ ਕਦਰ ਕਰਦਾ ਹੋਇਆ ਆਪਣੇ ਵੱਲੋ ਦੂਜੇ ਵਿਅਕਤੀ ਦੀ ਕਾਮਜਾਬੀ ਲਈ ਉਸ ਦਾ ਪੂਰਾ ਪੂਰਾ ਸਾਥ ਦੇਵੇ।ਇਕੱਲਾ ਇੱਕ ਤੇ ਦੋ ਗਿਆਰਾਂ ਵਾਲੀ ਕਹਾਵਤ ਵਾਂਗ ਕਿਸੇ ਵੱਲੋ ਦਿੱਤਾ ਗਿਆ ਹੌਸਲਾ ਦੂਜੇ ਵਿਅਕਤੀ ਨੂੰ ਬਹੁਤ ਵੱਡੇ ਵੱਡੇ ਕੰਮ ਕਰਨ ਲਈ ਸਹਾਈ ਸਿੱਧ ਹੁੰਦਾ ਹੈ।ਇਹ ਵੀ ਸੱਚ ਹੈ ਕਿ ਅੱਜ ਦੇ ਸਮੇ ਸਾਂਡੇ ਪਰਿਵਾਰਾਂ ਦੀ ਹੋਦਂ ਖਤਰੇ ਵਿੱਚ ਪੈ ਗਈ ਹੈ।ਜੇਕਰ ਅਸੀ ਥੋੜੀ ਜਿਹੀ ਕੋਸ਼ਿਸ਼ ਕਰੀਏ ਤਾਂ ਇਸ ਹੋਦ ਨੂੰ ਖਤਮ ਹੋਣ ਤੋ ਬਚਾਇਆ ਜਾ ਸਕਦਾ ਹੈ ਬਸ ਲੋੜ ਹੈ ਸਿਰਫ ਧੀਰਜ ਤੇ ਸੰਜਮ ਤੋ ਕੰਮ ਲੈਣ ਦੀ ਲੋੜ ਹੈ,ਆਉ ਛੋਟਿਆਂ ਨੂੰ ਪਿਆਰ ਤੇ ਵੱਡਿਆਂ ਨੂੰ ਸਤਿਕਾਰ ਦੇਈਏ ਫਿਰ ਘਰ ਦਾ ਹਰ ਇੱਕ ਜੀਅ ਆਪਣਾ ਹੀ ਅੰਗ ਲੱਗੇਗਾ।ਖੁਸੀਆ ਨਾਲ ਤੁਹਾਡਾ ਘਰ ਭਰ ਜਾਏਗਾ ਤੇ ਜੀਵਨ ਜਿਉਣ ਦਾ ਵੱਖਰਾ ਹੀ ਆਨੰਦ ਆਏਗਾ ਤੇ ਤੁਸੀ ਖੁਦ ਕਾਮਜਾਬੀ ਦੀਆਂ ਨਵੀਆ ਮੰਜਿਲ ਸਰ ਕਰੋਗੇ।

# ਵੱਡੀ ਉਮਰ ਦਾ ਗੱਠੀਆ (ਆਸਟੀਓ ਆਰਥਰਾਈਟਸ) ਕਾਰਨ ਲੱਛਣ, ਇਲਾਜ ਤੇ ਪ੍ਰਹੇਜ਼

ਸਰੀਰ ਦੀਆਂ ਹੱਡੀਆਂ ਦੇ ਜੋੜਾਂ ਚ ਹੋਣ ਵਾਲੀ ਸੋਜ ਨੂੰ ਗਠੀਆ (ਆਰਥਰਾਇਟਿਸ) ਕਿਹਾ ਜਾਂਦਾ ਹੈ। ਅੱਜ ਦੇ ਪ੍ਰਚੱਲਤ ਡਾਕਟਰੀ ਵਿਗਿਆਨ ਨੇ ਆਰਥਰਾਈਟਿਸ (ਗੱਠੀਏ) ਦੇ ਕਈ ਭੇਤ ਦੱਸੇ ਹਨ ਜਿਵੇਂ ਕਿ ਆਮ ਗੱਠੀਆ (ਰਿਊਮੇਟਾਇਡ ਆਰਥਰਾਇਟਿਸ), ਗਨੋਰੀਅਲ ਆਰਥਰਾਈਟਿਸ, ਜੁਵੇਨਾਈਲ ਆਰਥਰਾਈਟਿਸ, ਵੱਡੀ ਉਮਰ ਦਾ ਗਠੀਆ (ਓਸਟੀਓ ਆਰਥਰਾਇਟਿਸ), ਨਿਊਰੋ ਟ੍ਰਾਪਿਕ ਆਰਥਰਾਇਟਿਸ ਆਦਿ ਤੋਂ ਇਲਾਵਾ ਕੁਝ ਹੋਰ ਵੀ ਕਿਸਮਾਂ ਹਨ।

ਅੱਜ ਕੱਲ੍ਹ ਗੋਡੇ ਬਦਲਣੇ ਆਮ ਗੱਲ ਹੋ ਗਈ ਹੈ। ਹੱਡੀਆਂ ਦੇ ਜੋੜ ਦੋ ਕਿਸਮ ਦੇ ਹੁੰਦੇ ਹਨ। ਇੱਕ ਕਿਸਮ ਤਾਂ ਅਜਿਹੀ ਹੁੰਦੀ ਹੈ ਜਿਸ ਵਿੱਚ ਹੱਡੀਆਂ ਦੇ ਜੋੜ ਉੱਪਰੋਂ ਹੇਠਾਂ, ਖੱਬੇ ਸੱਜੇ ਸਭ ਪਾਸੇ ਮੁੜਦੇ ਹਨ। ਇਸ ਕਰਕੇ ਅਸੀਂ ਚੱਲ ਫੇਰ ਸਕਦੇ ਹਾਂ, ਦੌੜ ਹੋ ਸਕਦੇ ਹਾਂ, ਪਾਣੀ ਵਿੱਚ ਤੈਰ ਸਕਦੇ ਹਾਂ। ਇਹ ਜੋੜ ਮੋਢੇ, ਕੂਹਣੀਆਂ, ਕਮਰ, ਕੁੱਲੇ, ਗੋਡੇ ਤੇ ਗਿੱਟਿਆਂ ਦੇ ਹੁੰਦੇ ਹਨ। ਦੂਜੀ ਕਿਸਮ ਅਜਿਹੀ ਹੁੰਦੀ ਹੈ ਜਿਸ ਵਿੱਚ ਜੋੜਾਂ ਦੀ ਗਤੀਸ਼ੀਲਤਾ ਹੁੰਦੀ ਹੈ ਜਾਂ ਫੇਰ ਹੁੰਦੀ ਹੀ ਨਹੀਂ ਜਿਵੇਂ ਘੱਟ ਗਤੀ ਵਾਲੀਆਂ ਰੀੜ੍ਹ ਦੀਆਂ ਹੱਡੀਆਂ ਤੇ ਗਤੀ ਨਾ ਕਰਨ ਵਾਲੀਆਂ ਖੋਪੜੀ ਦੀਆਂ ਹੱਡੀਆਂ ਦੇ ਜੋੜ ਠੀਕ ਤਰ੍ਹਾਂ ਜੁੜੇ ਰਹਿਣ ਤੇ ਆਪਣਾ ਕੰਮ ਠੀਕ ਤਰ੍ਹਾਂ ਨਾਲ ਕਰਦੇ ਰਹਿਣ, ਇਸ ਲਈ ਕੁਦਰਤ ਨੇ ਸੁਰੱਖਿਆ ਦੀ ਵਿਵਸਥਾ ਵੀ ਪੂਰੀ ਤਰ੍ਹਾਂ ਕੀਤੀ ਹੈ ਯਾਨੀ ਜੋੜਾਂ ਦੇ ਆਸ ਪਾਸ ਚਾਰੇ ਪਾਸੇ ਤੰਤੂਆਂ ਅਤੇ ਮਾਸਪੇਸ਼ੀਆਂ ਦਾ ਇੱਕ ਅਵਰਨ (ਕੈਪਸੂਲ) ਬਣਾ ਰੱਖਿਆ ਹੈ। ਇਹ ਕੈਪਸੂਲ ਅੰਦਰ ਦੋ ਵਿਸ਼ੇਸ਼ ਤੱਤ ਹੁੰਦੇ ਹਨ ਇੱਕ ਕਾਰਟੀਲੇਜ (ਵਾਸ਼ਲ ਵਾਗੂੰ) ਦੂਜੀ ਲੇਸਦਾਰ ਝਿੱਲੀ (ਸਾਇਨੋਵੀਅਲ ਮੈਂਬਰੇਨ) ਜਾਰਟੀਲੇਜ ਨਰਮ ਤੇ ਚਿਕਨੀ ਹੁੰਦੀ ਹੈ ਅਤੇ ਦੂਜੀ ਝਿੱਲੀ ਟਾਈਪ ਸ਼ੇਦਯੁੱਕਤ ਤੇ ਚਿਕਨੀ ਹੁੰਦੀ ਹੈ ਜਿਸ ਚ ਪਾਣੀ ਤੇ ਪ੍ਰੋਟੀਨ ਹੁੰਦੇ ਹਨ ਜਿਸ ਨਾਲ ਕੋਲੇਜਨ ਪ੍ਰੋਟੀਨ ਇੱਕ ਜਾਲ ਨੁਮਾ ਆਕ੍ਰਿਤੀ ਬਣਾਉਂਦਾ ਹੈ ਜੋ ਜੋੜ ਨੂੰ ਸਥਿਰਤਾ ਤੇ ਲਚਕੀਲਾਪਣ ਦਿੰਦਾ ਹੈ। ਪਾਣੀ ਤੇ ਜਾਲ ਮਿਲਾਕੇ ਇੱਕ ਮਜ਼ਬੂਤ ਗੱਦੀਨੁਮਾ ਬਣਤਰ ਬਣਾਉਂਦੇ ਹਨ ਜੋ ਜੋੜ ਤੇ ਗਤੀ ਦੌਰਾਨ ਹੱਡੀਆਂ ਨੂੰ ਸਹਿਜ ਗਤੀਸ਼ੀਲਤਾ ਦੇਣ ਵਾਲੀ ਤੇ ਘਸਰਨ ਤੋਂ ਉਹਨਾਂ ਦੀ ਰਾਖੀ ਕਰਨ ਵਾਲੀ ਹੁੰਦੀ ਹੈ। ਇਹ ਸ਼ਲੇਸ਼ਮਿਕ ਝਿੱਲੀ ਜੋੜ ਦੀ ਕੋਠੜੀ ਦੀ ਅੰਦਰਲੀ ਪਰਤ ਬਣਾਉਂਦੀ ਹੈ ਅਤੇ ਇਸ ਕੋਠੜੀ ਦੇ ਵਿੱਚ ਇੱਕ ਚਿਕਨਾ ਤਰਲ ਪਦਾਰਥ (ਸਾਇਨੋਵੀਅਲ ਫਲਿਊਡ) ਰਿਸਦਾ ਰਹਿੰਦਾ ਹੈ ਜਿਵੇਂ ਮਸ਼ੀਨ ਦੇ ਕੱਲ ਪੁਰਜਿਆਂ ਨੂੰ ਤੇਲ ਜਾਂ ਗ੍ਰੀਸ ਲਾਇਆ ਜਾਂਦਾ ਹੈ ਤਾਂ ਕਿ ਉਹ ਘਿਸਣ ਤੋਂ ਬਚੇ ਰਹਿਣ ਅਤੇ ਸੌਖਿਆਂ ਹੀ ਗਤੀ ਕਰਦੇ ਰਹਿਣ, ਉਸੇ ਤਰ੍ਹਾਂ ਕੁਦਰਤ ਨੇ ਹੱਡੀਆਂ ਦੇ ਜੋੜਾਂ ਵਿੱਚ ਇਸ ਤਰਲ ਪਦਾਰਥ ਦੀ ਵਿਵਸਥਾ ਕਰ ਰੱਖੀ ਹੈ ਤਾਂ ਕਿ ਜੋੜ ਤੇ ਹੱਡੀਆਂ ਭਲੀ ਪ੍ਰਕਾਰ ਗਤੀ ਕਰ ਸਕਣ ਅਤੇ ਇਹ ਆਪਸੀ ਰਗੜ ਖਾਣ ਤੋਂ ਬਚੀਆਂ ਰਹਿਣ। ਇਹੀ ਵਜ੍ਹਾ ਹੈ ਕਿ ਦਿਨ ਭਰ ਕੰਮਕਾਜ਼ ਕਰਦੇ ਰਹਿਣ ਨਾਲ ਹੱਡੀਆਂ ਦੇ ਇਹ ਜੋੜ ਅਣਗਿਣਤ ਵਾਰ ਗਤੀ ਕਰਦੇ ਹਨ ਪਰ ਆਪਸ ਵਿੱਚ ਹੱਡੀਆਂ ਰਗੜ ਨਹੀਂ ਖਾਂਦੀਆਂ।

ਹੁਣ ਆਪਾਂ ਆਸਟੀਓ ਆਰਥਰਾਈਟਿਸ ਤੇ ਚਰਚਾ ਕਰਦੇ ਹਾਂ ਆਸਟੀਓ ਆਰਥਰਾਈਟਸ (ਵੱਡੀ ਉਮਰ ਦਾ ਗਠੀਆ) ਹੱਡੀਆਂ ਤੇ ਜੋੜਾਂ ਦਾ ਉਹ ਵਿਗਾੜ ਹੈ ਜਿਸ ਵਿੱਚ ਜੋੜਾਂ ਦੀ ਕਾਰਟੀਲੇਜ ਦਾ ਹਰਜਾ ਹੋਣ ਲੱਗਦਾ ਹੈ ਇਸ ਲਈ ਇਸ ਨੂੰ ਡੀਜਨਰੇਟਿਵ ਆਰਥਰਾਈਟਸ ਵੀ ਕਿਹਾ ਜਾਂਦਾ ਹੈ ਅਤੇ ਅਕਸਰ ਇਹ ਵੱਡੀ ਉਮਰ ਦੇ ਲੋਕਾਂ ਨੂੰ ਹੁੰਦਾ ਹੈ। ਹਾਲਾਂਕਿ ਅੱਜ ਕੱਲ੍ਹ ਦੇ ਗਲਤ ਖਾਣ ਪੀਣ ਅਤੇ ਜੀਵਨ ਸ਼ੈਲੀ ਦੇ ਸਿੱਟੇ ਵਜੋਂ ਘੱਟ ਉਮਰ ਦੇ ਲੋਕ ਵੀ ਇਸ ਦੇ ਸ਼ਿਕਾਰ ਹੋ ਜਾਂਦੇ ਹਨ। ਵੱਧ ਭਾਰ ਤੇ ਦਬਾਅ ਝੱਲਣ ਵਾਲੇ ਜੋੜ ਜਿਵੇਂ ਗੋਡੇ ਗਿੱਟੇ ਕੁੱਲੇ ਰੀੜ ਹੱਥ ਅਤੇ ਪੈਰਾਂ ਆਦਿ ਵਿੱਚੋਂ ਜਿਸ ਜੋੜ ਦੀ ਕਾਰਟੀਲੇਜ ਪਕੜਦੀ ਹੈ ਤਾਂ ਉਥੋਂ ਦੀ ਕਾਰਟੀਲੇਜ ਨੂੰ ਹਰਜਾ ਮੱਠੀ ਰਫ਼ਤਾਰ ਨਾਲ ਹੋਣ ਲੱਗਦਾ ਹੈ। ਸ਼ੁਰੂ ਚ ਕਾਰਟੀਲੇਜ ਚ ਸੋਜ ਪੈ ਜਾਂਦੀ ਹੈ ਤੇ ਫਿਰ ਇਸ ਚੋਂ ਪਾਣੀ ਤੇ ਪ੍ਰੋਟੀਨ ਖਾਰਜ ਹੋਣ ਲੱਗਦੇ ਹਨ ਤੇ ਫਿਰ ਕਾਰਟੀਲੇਜ ਚ ਦਰਾੜਾਂ ਅਤੇ ਟੋਏ ਪੈਣ ਲੱਗਦੇ ਹਨ। ਰੋਗ ਨਾਲ ਇਹ ਹਰਜਾ ਹੌਲੀ ਹੌਲੀ ਵਧਦਾ ਜਾਂਦਾ ਹੈ ਅਤੇ ਆਖਿਰ ਵਿੱਚ ਕਾਰਟੀਲੇਜ ਦਾ ਥੋੜ੍ਹਾ ਹਿੱਸਾ ਹਰਜਾ ਚੱਲ ਕੇ ਨਸ਼ਟ ਹੋ ਜਾਂਦਾ ਹੈ ਅਤੇ ਜੋੜ ਦੀ ਕੋਠੜੀ (ਕੈਵਿਟੀ) ਵਿੱਚ ਹੱਡੀਆਂ ਦੇ ਸਾਰੇ ਸਿਰੇ ਅਸੁਰੱਖਿਅਤ ਰੂਪ ਚ ਖੁੱਲ੍ਹੀ ਹਾਲਤ ਚ ਰਹਿ ਜਾਂਦੇ ਹਨ। ਅਜਿਹੀ ਹਾਲਤ ਚ ਜੋੜਾਂ ਦੀ ਵਰਤੋਂ ਹੋਣ ਤੇ ਹੱਡੀਆਂ ਦੇ ਸਿਰਿਆਂ ਦਾ ਹਰਜ਼ਾ ਹੁੰਦਾ ਹੈ ਅਤੇ ਰੋਗ ਦੇ ਲੱਛਣ ਉੱਭਰਦੇ ਹਨ।

**ਕਾਰਨ:–** ਅੱਜ ਦੇ ਇਸ ਵਿਗਿਆਨਕ ਯੁੱਗ ਵਿੱਚ ਭੌਤਿਕ ਸਾਧਨਾਂ ਨਾਲ ਜੀਵਨ ਦੀਆਂ ਸੁੱਖ ਸਹੂਲਤਾਂ ਲਗਾਤਾਰ ਵੱਧ ਰਹੀਆਂ ਹਨ ਡਾਕਟਰੀ ਵਿਗਿਆਨ ਵੀ ਨਿੱਤ ਨਵੀਆਂ ਖੋਜਾਂ ਕਾਰਨ ਮਾਨਵ ਜੀਵਨ ਦੇ ਪੱਧਰ ਨੂੰ ਸੁਧਾਰਨ ਵਿੱਚ ਲੱਗਿਆ ਹੋਇਆ ਹੈ। ਆਧੁਨਿਕ ਸਹੂਲਤਾਂ ਨਾਲ ਲੈਸ ਵੱਡੇ ਵੱਡੇ ਹਸਪਤਾਲ ਸੀਟੀ ਸਕੈਨ ਐਮਆਰਆਈ ਵਰਗੀਆਂ ਆਧੁਨਿਕ ਤਕਨੀਕਾਂ ਨਾਲ ਲੈਸ ਲਬਾਟਰੀਆ ਤੇ ਤਰ੍ਹਾਂ ਤਰ੍ਹਾਂ ਦੇ ਮਾਹਿਰਾਂ ਦੀਆਂ ਟੀਮਾਂ ਸਭ ਕੁਝ ਤਾਂ ਹੈ। ਟੈਲੀਵਿਜ਼ਨ ਅਤੇ ਅਖ਼ਬਾਰਾਂ ਚ ਸਮਾਜ ਦੇ ਜਾਣੇ ਪਛਾਣੇ ਬੰਦੇ ਫਿਲਮ ਕਲਾਕਾਰ ਖਿਡਾਰੀ ਅੱਧੀ ਚੁਟਕੀਆਂ ਚ ਗੋਡੇ ਠੀਕ ਕਰ ਦੇਣ ਵਾਲੇ ਤੇਲ ਤੇ ਦਵਾਈਆਂ ਦਾ ਪ੍ਰਚਾਰ ਜੇਕਰ ਰਹੇ ਹਨ। ਵੱਖ ਵੱਖ ਪ੍ਰਚਾਰ ਮਾਧਿਅਮ ਰਾਹੀਂ ਉੱਠਣ ਬੈਠਣ ਦੇ ਤਰੀਕੇ ਯੂਰਪੀਅਨ ਟਾਇਲਟ ਦੀ ਵਰਤੋਂ ਖਾਣ ਪੀਣ ਦੇ ਸਹੀ ਮਾਪਦੰਡਾਂ ਦੀ ਵਰਤੋਂ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਇਨ੍ਹਾਂ ਸਭ ਦੇ ਬਾਵਜੂਦ ਆਸਟਿਓ ਅਰਥਰਾਈਟਿਸ ਦੇ ਰੋਗੀਆਂ ਦੀ ਔਸਤ ਉਮਰ ਚਾਲੀ-ਪੰਜਾਹ ਸਾਲ ਹੋ ਗਈ ਹੈ। ਅੱਜ ਇਸ ਰੋਗ ਨਾਲ ਪੀੜਤ ਲੋਕਾਂ ਦੀ ਗਿਣਤੀ 'ਚ ਬੇਤਹਾਸ਼ਾ ਵਾਧਾ ਵੇਖਿਆ ਜਾ ਰਿਹਾ ਹੈ। ਇੱਕ ਸਰਵੇ ਅਨੁਸਾਰ ਭਾਰਤ ਵਿੱਚ ਕਰੀਬ ਚਾਰ ਕਰੋੜ ਸੱਠ ਲੱਖ ਲੋਕ ਇਸ ਬਿਮਾਰੀ ਦੀ ਮਾਰ ਹੇਠ ਹਨ। ਅੱਜ ਤੋਂ ਤੀਹ-ਚਾਲ੍ਹੀ ਸਾਲ ਪਹਿਲਾਂ ਸੱਤਰ ਅੱਸੀ ਸਾਲਾਂ ਦੇ ਬਜ਼ੁਰਗਾਂ ਵਿੱਚ ਵੀ ਜੋੜਾਂ ਦੇ ਦਰਦਾਂ ਦੀ ਸ਼ਿਕਾਇਤ ਨਾਂਹ ਦੇ ਬਰਾਬਰ ਪਰ ਅੱਜ ਕੱਲ੍ਹ ਪੰਜਾਹ ਸਾਲ ਦੀ ਉਮਰ ਆਉਂਦਿਆਂ ਹੀ ਗੋਡੇ ਤਬਦੀਲ ਕਰਨ ਦੀ ਨੌਬਤ ਆ ਜਾਂਦੀ ਹੈ। ਪਹਿਲਾਂ ਦੇ ਲੋਕਾਂ ਨੂੰ ਜਿਨਾਂ ਨੂੰ ਅੱਜ ਦੇ ਦੌਰ ਦੀਆਂ ਅਧੁਨਿਕ ਸਹੂਲਤਾਂ, ਤੌਰ-ਤਰੀਕੇ ਪੀਣ-ਪੀਣ, ਉਮੇਗਾ-3 ਫੈਟੀ ਏਸਿਡ ਤੇ ਬੀ-6 ਵਰਗੇ ਪੌਸ਼ਟਿਕ ਤੱਤਾਂ ਯੂਰੋਪੀਅਨ ਟਾਇਲਟਸ ਸੋਫਾ ਕੁਰਸੀ ਦੀ ਵਰਤੋਂ ਬਾਰੇ ਜਾਣਕਾਰੀ ਦੇਣ ਵਾਲੇ ਪ੍ਰਚਾਰ ਮਾਧਿਅਮ ਇਹ ਕੁਝ ਨਹੀਂ ਸੀ ਫਿਰ ਵੀ ਉਨ੍ਹਾਂ ਦੀਆਂ ਹੱਡੀਆਂ ਦੇ ਜੋੜ ਬੁਢਾਪੇ ਤਿੱਖੀ ਠੀਕ ਠਾਕ ਬਣੇ ਰਹਿੰਦੇ ਸਨ। ਕਿ ਸਾਨੂੰ ਅਧੁਨਿਕਤਾ ਦੇ ਨਾਲ ਉਨ੍ਹਾਂ ਲੋਕਾਂ ਦੇ ਆਹਾਰ ਵਿਹਾਰ ਤੇ ਜੀਵਨ ਸ਼ੈਲੀ ਬਾਰੇ ਚਿੰਤਨ ਕਰਨ ਦੀ ਲੋੜ ਨਹੀਂ ਹੈ? ਅਧੁਨਿਕਤਾ ਦੇ ਨਾਂਅ ਹੇਠ ਆਮ ਗਿਆਨ ਦੀ ਘਾਟ ਕਾਰਨ ਕੀ ਅਸੀਂ ਆਪਣੀ ਸਿਹਤ ਨਾਲ ਖਿਲਵਾੜ ਤਾਂ ਨਹੀਂ ਕਰ ਰਹੇ? ਆਸਟਿਓਅਰਥਰਾਈਟਿਸ ਸਿਆਣੀ ਚਿੱਲੀ ਦੇ ਤਰਲ ਸਾਇਨੋਵੀਅਲ ਫਲੂਡ ਦਾ ਸੁੱਕਣਾ ਤੇ ਕਾਰਟੀਲੇਜ ਦਾ ਘਿਸਨਾ ਅਕਸਰ ਬੁਢੇਪੇ ਵਿੱਚ ਦੇਖੀ ਜਾਣ ਵਾਲੀ ਬੀਮਾਰੀ ਹੈ। ਪਰ ਅੱਜ ਕਲ੍ਹ 40-45 ਸਾਲ ਦੀ ਉਮਰ ਦੇ ਲੋਕ ਵੀ ਇਸ ਦੀ ਮਾਰ ਹੇਠ ਵੇਖੇ ਜਾਣ ਲੱਗੇ ਹਨ। ਇਸ ਦੇ ਕਈ ਕਾਰਨ ਹਨ।

**ਪਿਤਾ ਪੁਰਖੀ:–** ਜਿੰਨ੍ਹਾਂ ਲੋਕਾਂ ਦੇ ਮਾਂ-ਬਾਪ, ਦਾਦਾ-ਦਾਦੀ, ਨਾਨਾ-ਨਾਨੀ ਇਸ ਰੋਗ ਦੇ ਰੋਗੀ ਰਹੇ ਹੋਣ ਉਨ੍ਹਾਂ ਨੂੰ ਇਸ ਦੇ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਨ੍ਹਾਂ ਕੇਸਾਂ 'ਚ ਜੋੜ ਦਾ ਜਮਾਂਦਰੂ ਪੱਧਰ ਤੇ ਹਰਜਾ ਹੋਣ ਦਾ ਰੁਝਾਨ ਰਹਿੰਦਾ ਹੈ ਤੇ ਉਮਰ ਵਧਣ ਦੇ ਨਾਲ ਹੀ ਕਾਰਟੀਲੇਜ ਦੀ ਜੋੜ ਦੀ ਰਾਖੀ ਕਰਨ ਦੀ ਸਮਰਥਾ ਘਟ ਜਾਂਦੀ ਹੈ। ਰਿਊਮੇਟਾਇਡ ਆਰਥਰਾਇਟਿਸ ਦੇ ਰੋਗੀਆਂ ਚ ਵੀ ਜੋੜਾਂ ਦੇ ਖਰਾਬ ਹੋਣ ਦੀ ਸੰਭਾਵਨਾ ਵੱਧ ਰਹਿੰਦੀ ਹੈ।



**ਜ਼ੋਰ ਦੀ ਸੱਟ ਲੱਗਣੀ:–** ਇਹ ਰੋਗ ਦੇ ਪੈਦਾ ਹੋਣ ਨਾਲ ਇੱਕ ਪ੍ਰਮੁੱਖ ਕਾਰਨ ਹੁੰਦਾ ਹੈ। ਜੋੜ ਤੇ ਸੱਟ ਵੱਜਣ ਜਾਂ ਲੋੜੋਂ ਵੱਧ ਭਾਰ ਪੈਣ ਨਾਲ ਇਹ ਰੋਗ ਪੈਦਾ ਹੋ ਜਾਂਦਾ ਹੈ।ਜਿਨ੍ਹਾਂ ਲੋਕਾਂ ਦੇ ਗੋਡੇ ਤੇ ਸੱਟ ਬੱਝ ਜਾਂਦੀ ਹੈ ਜਾਂ ਉਨ੍ਹਾਂ ਦਾ ਸਰੀਰ ਮੋਟਾਪੇ ਦਾ ਸ਼ਿਕਾਰ ਰਹਿੰਦਾ ਹੈ ਉਨ੍ਹਾਂ ਨੂੰ ਗੋਡਿਆਂ ਚ ਆਸਟਿਓਅਰਥਰਾਈਟਿਸ ਹੋਣ ਦੀ ਸੰਭਾਵਨਾ ਹੋਰ ਲੋਕਾਂ ਦੀ ਤੁਲਨਾ ਚ ਵੱਧ ਹੁੰਦੀ ਹੈ। ਜਦ ਅਸੀਂ ਚੱਲਣ ਲਈ ਪੁਲਾਂਘ ਪੁਟਦੇ ਹਾਂ ਤਾਂ ਗੋਡੇ ਦੇ ਕੁੱਲੇ ਦੇ ਜ਼ੋਰ ਤੇ ਸਰੀਰ ਦੇ ਵਜ਼ਨ ਤੋਂ ਤਿੰਨ ਗੁਣਾ ਵੱਧ ਦਬਾਅ ਪੈਂਦਾ ਹੈ ਜਾਂ ਜਦੋਂ ਪੌੜੀਆਂ ਉੱਤਰਦੇ ਹਾਂ ਤਾਂ ਇਹ ਦਬਾਅ ਛੇ ਗੁਣਾ ਜਾਂਦਾ ਹੈ, ਇਸ ਲਈ ਮੋਟੇ ਲੋਕਾਂ ਨੂੰ ਗੋਡਿਆਂ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ।

**ਇਨਫੈਕਸ਼ਨ:–** ਕਿਸੇ ਕਿਸਮ ਦੀ ਬੈਕਟੀਰੀਅਲ ਵਾਇਰਲ ਇਨਫੈਕਸ਼ਨ ਦੇ ਤੇਜ਼ ਰੂਪ ਕਾਰਨ ਜੋੜ ਇਸ ਰੋਗ ਦੀ ਮਾਰ ਹੇਠ ਆ ਜਾਂਦੇ ਹਨ; ਇਸ ਤਰ੍ਹਾਂ ਸੋਰਾਇਸਿਸ ਨਾਮਕ ਚਮੜੀ ਰੋਗ ਹੋਣ ਤੇ ਵੀ ਗਠੀਆ (ਓਸਟੀਓ-ਆਰਥਰਾਇਟਸ) ਹੋ ਗਿਆ ਹੈ।

**ਹੋਰ ਕਰਨ:–** ਜਿਵੇਂ ਖ਼ੂਨ ਦਾ ਵਿਗਾੜ-ਹੀਮੋਫੀਲੀਆ ਜਿਸ ਚ ਜੋੜਾਂ ਅੰਦਰ ਖ਼ੂਨ ਰਿਸ ਜਾਂਦਾ ਹੈ, ਸ਼ੂਗਰ, ਬਲੱਡ ਪ੍ਰੈਸ਼ਰ, ਹਾਈਪਰ ਥਾਇਰਾਈਡ ਆਦਿ ਕਾਰਨ ਹੁੰਦੇ ਹਨ।



ਡਾ ਅਜੀਤਪਾਲ ਸਿੰਘ ਐਮ ਡੀ
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
91-98156-29301

**ਵਿਸ਼ੇਸ਼ ਕਾਰਨ:–** ਘੱਟ ਉਮਰ ਦੇ ਇਸ ਰੋਗ ਦੀ ਉਤਪਤੀ ਪਿੱਛੇ ਸਭ ਤੋਂ ਅਹਿਮ ਕਾਰਨ ਹੈ ਗਲਤ ਆਹਾਰ ਵਿਹਾਰ ਤੇ ਗਲਤ ਜੀਵਨ ਸ਼ੈਲੀ, ਰੋਜ਼ਾਨਾ ਕੰਮਾਂ ਚ ਸਰਗਰਮੀ ਤੇ ਕਸਰਤ ਦੀ ਘਾਟ ਹੱਡੀਆਂ, ਕਾਰਾਤੀ-ਲੇਜ ਤੇ ਪੱਠੇ ਕਮਜ਼ੋਰ ਹੋ ਜਾਂਦੇ ਹਨ, ਇਸ ਲਈ ਇੱਕ ਵਾਰੀ ਫਿਰ ਸਿਹਤ ਦੀ ਪਰਿਭਾਸ਼ਾ ਤੇ ਵਿਚਾਰ ਕਰਨਾ ਜ਼ਰੂਰੀ ਹੋ ਜਾਂਦੀ ਹੈ। ਅੱਜ ਕੱਲ ਨਾ ਤਾਂ ਸਾਡੇ ਰੋਜ਼ਾਨਾ ਦੇ ਰੁਝੇਵੇ ਸਹੀ ਹਨ ਤੇ ਨਾ ਹੀ ਅਸੀਂ ਸਿਹਤ ਨਿਯਮਾਂ ਦੀ ਪਾਲਣਾ ਕਰਦੇ ਹਾਂ; ਅਸੀਂ ਜਵਾਨੀ ਵਿੱਚ ਹੀ ਬੁਢਾਪੇ ਵਰਗੇ ਵਿਗਾੜਾਂ ਨੂੰ ਸੱਦਾ ਦੇ ਲੈਂਦੇ ਹਾਂ। ਅੱਜ ਦੇ ਭੋਜਨ ਚ ਬਣਾਉਟੀ ਤੇ ਬਾਜ਼ਾਰੂ ਵਸਤਾਂ ਦੀ ਵਰਤੋਂ ਦਾ ਰਿਵਾਜ ਹੋ ਗਿਆ ਹੈ। ਚਾਹ, ਕੌਫੀ, ਸ਼ਰਾਬ, ਸਿਗਰਟਨੋਸ਼ੀ, ਡਿੱਬਾ ਬੰਦ ਬੇਹੇ ਖੁਰਾਕੀ ਪਦਾਰਥ, ਟਰਾਂਸਫੈਟ, ਰਿਫਾਈਂਡ ਆਇਲ, ਚਰਬੀ ਆਦਿ ਨਾਲ ਸੋਜ ਨੂੰ ਸੱਦਾ ਦੇਣ ਵਾਲੇ ਤੱਤਾਂ ਦਾ ਨਿਰਮਾਨ ਹੁੰਦਾ ਹੈ, ਜਿਸ ਕਾਰਨ ਲੰਮੇ ਸਮੇਂ ਦੀ ਨਿਮਨ ਪੱਧਰੀ ਸੋਜ ਸਰੀਰ ਬਣੀ ਰਹਿੰਦੀ ਹੈ ਜੋ ਆਖਰਕਾਰ ਗਠੀਆਂ ਪੈਦਾ ਕਰਨ ਦਾ ਕਾਰਨ ਬਣਦੀ ਹੈ। ਫਰਿਜ਼ ਵਿੱਚ ਰੱਖਿਆ ਖਾਣਾ ਪੀਜ਼ਾ, ਬਰਗਰ ਨਿਊਡਲਜ਼, ਪੇਸਟਰੀ, ਕੇਕ, ਨਮਕੀਨ ਬਿਸਕੁਟ, ਪਲਾਸਟਿਕ ਦੀਆਂ ਬੋਤਲਾਂ ਚ ਭਰੀ ਕੋਲਡ ਡ੍ਰਿੰਕਸ ਆਦਿ ਅਤੇ ਉਦਾਸੀ, ਤਣਾਅ, ਰਾਤ ਦਾ ਜਾਗਣਾ ਦਿਨੇ ਸੀਣਾ ਆਲਸੀ ਰੁਝੇਵੇ ਜਿਵੇਂ ਟੀ ਵੀ ਮੋਬਾਈਲ ਜਾਂ ਲੈਪਟਾਪ ਤੇ ਵੱਧ ਸਮਾਂ ਰੁੱਝੇ ਰਹਿਣ, ਕਸਰਤ ਨਾ ਕਰਨੀ ਆਦਿ ਕਾਰਕ ਹਨ ਜੋ ਪੇਟ ਖਰਾਬ ਕਰਦੇ ਹਨ ਤੇ ਪੇਟ ਗੈਸ ਭਰਦੇ ਹਨ, ਅੰਤੜੀਆਂ ਦੀ ਚਾਲ ਮੱਠੀ ਪੈ ਜਾਂਦੀ ਹੈ। ਜੋੜਾਂ ਦੀ ਚਿਕਨਾਈ ਘਟ ਜਾਂਦੀ ਹੈ।ਜੋੜਾਂ ਦਾ ਗਰੀਸ ਨੁਮਾ ਪਦਾਰਥ ਸੁੱਕਣ ਲੱਗਦਾ ਹੈ ਕਾਰਟੀਲੇਜ ਘਿਸਨ ਲੱਗਦੀ ਹੈ। ਇਸੇ ਕਰਕੇ ਲੋਕ ਤੀਹ-ਚਾਲੀ ਸਾਲ ਦੀ ਉਮਰ ਵਿੱਚ ਹੀ ਮੋਟਾਪੇ ਸ਼ੂਗਰ ਗਠੀਆ ਅਤੇ ਬਲੱਡ ਪ੍ਰੈਸ਼ਰ ਦਾ ਸ਼ਿਕਾਰ ਹੋ ਜਾਂਦੇ ਹਨ। ਕਲੈਸਟਰੋਲ ਵਧ ਜਾਂਦਾ ਹੈ। ਡਾਕਟਰ ਉਨ੍ਹਾਂ ਨੂੰ ਚਿਕਨਾਈ ਬੰਦ ਕਰਨ ਦੀ ਰਹਿ ਦਿੰਦੇ ਹਨ। ਅੱਜ ਕੱਲ੍ਹ ਦੁੱਧ ਦਹੀਂ ਲੱਸੀ ਦੀ ਥਾਂ ਕੋਲਡ ਡ੍ਰਿਕਸ ਦਾ ਰਿਵਾਜ ਹੋ ਗਿਆ ਹੈ,ਜਿਨ੍ਹਾਂ ਵਿੱਚ ਪ੍ਰਿਜ਼ਰਵੇਟਿਵ ਪਾਏ ਹੁੰਦੇ ਹਨ।

**ਲੱਛਣ:–** ਹੌਲੀ ਵਾਲੀ ਸ਼ੁਰੂ ਹੁੰਦੇ ਹਨ। ਜੋੜਾਂ ਚ ਅਕੜਾ ਤੇ ਸੋਜ਼ ਆਉਣ ਲੱਗਦੀ ਹੈ।ਜੋੜਾਂ ਚ ਲਾਲੀ ਦੇ ਦਰਦ ਪੈਦਾ ਹੁੰਦੇ ਹਨ ਅਤੇ ਜੋੜਾਂ ਦਾ ਮੁੜਨਾ ਸੀਮਤ ਹੋ ਜਾਂਦਾ ਹੈ। ਸਵੇਰੇ ਉੱਠਣ ਵੇਲੇ ਅਕੜਾ ਰਹਿੰਦਾ ਹੈ। ਸਰਦੀ ਕਾਰਨ ਗਠੀਆ ਵਧਦਾ ਹੈ। ਜੋੜਾਂ ਨੂੰ ਹਿਲਾਉਣ ਵਾਲੇ ਕੜਕੜ ਦੀ ਆਵਾਜ਼ ਆਉਂਦੀ ਹੈ। ਜਾਰਟੀਲੇਜ ਘਿਸਣ ਤੋਂ ਪਹਿਲਾਂ ਹੀ ਆਹਾਰ ਵਿਹਾਰ ਵਿੱਚ ਤਬਦੀਲੀ ਕੀਤੀ ਜਾਵੇ। ਕੁਦਰਤੀ ਭੋਜਨ ਦੁੱਧ ਦਹੀਂ ਪਨੀਰ ਲੱਸੀ ਪਾਲਕ ਟਮਾਟਰ ਗਾਜਰ ਮੇਥੀ ਕੱਕੜੀ ਚੁਕੰਦਰ ਮੂਲੀ ਦਾਣੇ ਬਾਥੂ ਮੇਥੀ ਕੇਲਾ ਔਲਾ, ਸਿੰਘੇੜਾ ਖੰਜੂਰ ਅਖਰੋਟ ਬਾਦਾਮ ਕਾਜੂ ਰਾਜਮਾਂਹ ਆਦਿ ਦੀ ਖ਼ੂਬ ਵਰਤੋਂ ਕਰੋ; ਧੁੱਪੇ ਬੈਠ ਕੇ ਤਿਲ ਦੇ ਤੇਲ ਦੀ ਮਾਲਸ਼ ਕਰੋ। ਵਜ਼ਨ ਕੰਟਰੋਲ ਰੱਖੋ। ਜੇ ਜਾਰਟੀਕੇਜ ਘਿਸ ਜਾਵੇ ਤੇ ਜੋੜ ਕੰਮ ਹੀ ਨਾ ਕਰਨਾ ਤਾਂ ਜੋੜ ਬਦਲਣ ਦੀ ਨੌਬਤ ਆ ਜਾਂਦੀ ਹੈ।

# ਨਵੀਂ ਪੰਜਾਬੀ ਫ਼ਿਲਮ "ਰੰਗ ਪੰਜਾਬ" ਵਿੱਚ ਖ਼ੂਬਸੂਰਤ ਅਦਾਕਾਰੀ ਲੈ ਕੇ ਆ ਰਿਹੈ ਦੀਪ ਸਿੱਧੂ

ਬਾਰੂਦ ਦਾ ਮੱਚਣਾ ਜਾਇਜ਼ ਆ ਕਿਉਂਕਿ ਯੋਧੇ ਟੱਲੀਆ ਖੜਕਾ ਕੇ ਨਹੀ ਜਿੱਤਦੇ" , ਏਹ ਤੁਕ ਜ਼ਿੰਦਗੀ ਦਾ ਉਹ ਪਹਿਲੂ ਦਿਖਾਉਦੀ ਹੈ ਜਿਸਨੇ ਹਮੇਸ਼ਾ ਇਤਹਾਸ ਦੀਆਂ ਕੰਧਾਂ ਤੇ ਆਪਣੇ ਨਿਸ਼ਾਨ ਛੱਡੇ ਨੇ।

ਏਸ ਦੁਨੀਆ ਵਿੱਚ ਜਿੱਥੇ ਪੀਰ ਫਕੀਰਾ ਨੇ ਆਪਣੀ ਰਹਿਨੁਮਾਈ ਨਾਲ ਇਸਨੂੰ ਰਹਿਣ ਲਾਇਕ ਬਣਾਇਆਂ ਉਥੇ ਹੀ ਮਸੰਦਾ, ਜੱਲਾਦਾਂ ਅਤੇ ਕਪਟੀ ਦਰਿੰਦਿਆਂ ਨੇ ਇਨਸਾਨੀਅਤ ਦੀ ਛਾਤੀ ਨੂੰ ਨੋਚਿਆ ਵੀ, ਦੋਹਾ ਪੱਖਾਂ ਦੇ ਕਿਰਦਾਰ ਅੱਜ ਵੀ ਵੱਖੋ ਵੱਖ ਸ਼ਕਲਾਂ ਰਾਹੀਂ ਆਪਣੋ ਆਪਣੀ ਰਾਹ ਤੇ ਤੁਰ ਰਹੇ ਨੇ ਅਜਿਹਾ ਹੀ ਕੁੱਝ ਦਰਸਾਉਂਦੀ ਹੈ ਫ਼ਿਲਮ " ਰੰਗ ਪੰਜਾਬ " ਜਿਸ ਵਿੱਚ ਅੱਜ ਦੇ ਸਮਾਜ ਦੀ ਉਹ ਅਸਲੀਅਤ ਦਿਖਾਈ ਗਈ ਹੈ ਜੋ ਸਾਡੇ ਪੰਜਾਬ ਦੇ ਸਰਕਾਰੀ ਰਜਿਸਟਰਾਂ ਵਿੱਚ, ਸਾਡੇ ਵਿੱਦਿਅਕ ਢਾਂਚੇ ਵਿੱਚ ਕਿਤੇ ਨਹੀਂ ਦਰਸਾਈ ਜਾਂਦੀ, ਸਾਨੂੰ ਹਮੇਸ਼ਾ ਗੁੰਮਰਾਹ ਕਰਕੇ ਬੱਸ ਅਸਲ ਮੁੱਦਿਆਂ ਤੋਂ ਭਟਕਾਇਆਂ ਜਾਂਦਾ ਹੈ । ਫ਼ਿਲਮ ਵਿੱਚ ਦਿਖਾਇਆ ਹੈ ਕਿ ਕਿਵੇਂ ਸਾਡੀ ਰਾਜਨੀਤੀ ,ਅਫਸਰਸ਼ਾਹੀ , ਸਰਮਾਏਦਾਰੀ ਅਤੇ ਗੁੰਡਾ ਰਾਜ ਕਿਵੇਂ ਇੱਕ ਦੁਜੇ ਦੇ ਖਸਮ ਬਣਕੇ ਸਮਾਜ ਅਤੇ ਲੋਕਾਂ ਦਾ ਇੱਕ ਕਮਜ਼ੋਰ ਤੀਵੀਂ ਵਾਂਗ ਸ਼ੋਸ਼ਣ ਕਰਦੇ ਨੇ ਦੀਪ ਸਿੱਧੂ ( ਬਤੌਰ ਹੀਰੋ ) ਖ਼ੁਦ ਇੱਕ ਇਮਾਨਦਾਰ ਅਤੇ ਜੁਝਾਰੂ ਪੁਲਿਸ ਅਫਸਰ ਹੋਣ ਦੇ ਬਾਵਜੂਦ ਕਿਵੇਂ ਏਸ ਸਿਸਟਮ ਦੇ ਚੱਕਰਵਿਊ ਵਿੱਚ ਫੱਸਦਾ ਅਤੇ ਨਿਕਲਦਾ ਹੈ ਅਤੇ ਉਸਨੂੰ ਕਿਸ ਤਰਾਂ ਦੀਆ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਇਹ ਸੱਭ ਬਹੁਤ ਹੀ ਸੋਹਣੇ ਢੰਗ ਨਾਲ ਫਿਲਮਾਇਆ ਗਿਆ ਹੈ ਪੰਜਾਬੀ ਸਨੇਮਾ ਦੀ



ਜ਼ਰਖੇਜ਼ ਮਿੱਟੀ ਜਿਸਨੇ ਅਦਾਕਾਰੀ ਦੇ ਉਹ ਥੰਮ੍ਹ ਉਸਾਰੇ ਜਿਸ ਤੇ ਅੱਜ ਬੌਲੀਵੁਡ ਦਾ ਸਾਮਰਾਜ ਕਾਇਮ ਹੈ। ਕੋਈ ਸ਼ੱਕ ਨਹੀਂ ਕਿ ਇਹ ਸਿਲਸਿਲਾ ਚੱਲ ਰਿਹਾ ਹੈ ਅਤੇ ਚੱਲਦਾ ਵੀ ਰਹੁ, ਅੱਜ ਦੀ ਗੱਲ ਕਰੀਏ ਤਾਂ ਕੁੱਝ ਅਖੌਤੀ ਗਾਇਕਾ ਨੇ ਅਦਾਕਾਰੀ ਦਾ ਇੱਕ ਬਹੁਤ ਹੀ ਭੱਦਾ ਮਜ਼ਾਕ ਵੀ ਉਡ-ਾਇਆ ਹੈ ਜਿਸਦਾ ਖ਼ਮਿਆਜ਼ਾ ਸੱਭ ਨੂੰ ਭੁਗਤਣਾ ਪੈ ਰਿਹਾ ਅਤੇ ਜੋ ਸੱਭ ਨੂੰ ਨਜ਼ਰੀਂ ਵੀ ਪੈਂ ਰਿਹਾ ਹੈ । ਪਰ (ਦੀਪ ਸਿੱਧੂ) ਨੂੰ ਮੈਂ ਜਦੋਂ ' ਜ਼ੋਰਾਂ ਦੱਸ ਨੰਬਰੀਆ' ਵਿੱਚ ਦੇਖਿਆ ਤਾਂ ਬਹੁਤੇ ਚਿਰਾਂ ਮਗਰੋਂ ਜਾ ਇੰਝ ਕਹਿਲੋ ਕਿ ਬਚਪਨ ਤੋਂ ਬਾਦ, ਅਦਾਕਾਰੀ ਦੇ ਜੌਹਰ ਕੀ ਹੁੰਦੇ ਨੇ ਇਹ ਪਤਾ ਚਲਿਆਂ, ਸਾਰੀ ਫ਼ਿਲਮ ਵਿੱਚ ਇੱਕ ਵੀ ਸੈਕਿੰਡ ਐਸਾ ਨਹੀਂ ਸੀ ਕਿ ਜਦ ਅਦਾਕਾਰੀ ਦਾ ਲੜ ਛੱਡਿਆ ਗਿਆ ਹੋਵੇ, ਇੱਕ ਜਵਾਕ ਦੇ ਕਿਰਦਾਰ ਤੋਂ ਲੈ ਕੇ ਅੰਤ ਤੱਕ ਦੇ ਕਿਰਦਾਰ ਨੂੰ ਦੀਪ ਸਿੱਧੂ ਨੇ ਐਨੀ ਸ਼ਿੱਦਤ ਨਾਲ ਨਿਭਾਇਆ ਕਿ ਹਰ ਇੱਕ ਸਰੋਤੇ ਨੂੰ ਉਸ ਬੱਚੇ ਅਤੇ ਸ਼ਖਸ਼ (ਜੋਰੇਂ) ਨਾਲ ਹਮਦਰਦੀ ਹੋ ਗਈ, ਦਰਦ ਤੋਂ ਲੈ ਕੇ ਰੋਸ ਤੱਕ ਹਰ ਇੱਕ ਨੇ ਖ਼ੁਦ ਨੂੰ ਜੋਰਾਂ ਹੀ ਸਮਝਿਆ। ਏਹੀ ਬਹੁਤ ਵੱਡੀ ਪ੍ਰਾਪਤੀ ਹੈ ਇਸ ਫ਼ਿਲਮ ਦੀ ਆਪਣੇ ਆਪ ਵਿੱਚ । ਸੋ ਫੇਰ ਦੋਬਾਰਾ ਦਸਤਕ ਹੋ ਰਹੀ ਬਾਈ ਹੋਰਾਂ ਦੀ ਪੂਰੇ ਹੋਸ਼, ਜੋਸ਼ ਅਤੇ ਮਜ਼ਬੂਤੀ ਨਾਲ ਫ਼ਿਲਮ ' ਰੰਗ ਪੰਜਾਬ' ਦੇ ਜ਼ਰੀਏ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਏਹ ਕਿਰਦਾਰ, ਅਦਾਕਾਰੀ ਅਤੇ ਮਿਹਨਤ ਏਸਾ ਇਤਿਹਾਸ ਰਚੇਗੀ ਕਿ ਪੰਜਾਬੀ ਇੰਡਸਟਰੀ ਦੇ ਮਾਇਨੇ ਬਦਲਣਗੇ।



ਹੈਪੀ ਸਰੋਈਵਾਲ
91-97817-50505

ਸੋ ਅੱਜ ਦੇ ਅਖੌਤੀ ਕਾਮੇਡੀ ਸਿਨੇਮਾ ਨੂੰ ਦੂਰ ਧੱਕਦੇ ਹੋਏ ਏਸੀ ਫ਼ਿਲਮ ਸਿਨੇਮਾ ਘਰਾਂ ਵਿੱਚ ਦਸਤਕ ਦੇ ਰਹੀ

### ਵਿਸ਼ਵ ਕੱਪ ਹਾਕੀ ਤੀਸਰੀ ਕਿਸ਼ਤ (ਵਿਸ਼ਵ ਕੱਪ 1975)

# ਜਦੋਂ ਭਾਰਤ ਨੇ ਵਿਸ਼ਵ ਚੈਂਪੀਅਨ ਬਣਨ ਦਾ ਮੋਰਚਾ ਫਤਿਹ ਕੀਤਾ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਤੀਸਰਾ ਸੰਸਾਰ ਹਾਕੀ ਕੱਪ ਮਲੇਸ਼ੀਆ ਦੀ ਰਾਜਧਾਨੀ 1 ਮਾਰਚ ਤੋਂ 14 ਮਾਰਚ, 1975 ਤੱਕ ਮਰਦੇਕਾ ਸਟੇਡੀਅਮ, ਮੈਂਡਫ ਸਟੇਡੀਅਮ ਕੁਆਲਾਲੰਪੁਰ ਵਿਖੇ ਹੋਇਆ। ਭਾਰਤੀ ਹਾਕੀ ਟੀਮ 1973 ਵਾਲੇ ਵਿਸ਼ਵ ਵਿਚਲੀਆਂ ਆਪਣੀਆਂ ਗਲਤੀਆਂ ਵਿਚ ਸੁਧਾਰ ਕਰਦੀ ਹੋਏ, ਪੂਰੇ ਬੁਲੰਦ ਹੌਂਸਲਿਆਂ ਨਾਲ ਕੁਆਲਾਲੰਪੁਰ ਪਹੁੰਚੀ। ਭਾਰਤੀ ਹਾਕੀ ਟੀਮ ਦਾ ਤਿਆਰੀ ਕੈਂਪ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੀ ਸਰਪ੍ਰਸਤੀ ਹੇਠ ਚੰਡੀਗੜ੍ਹ ਵਿਖੇ ਲਗਾਇਆ ਗਿਆ। ਇਸ ਵਾਰ ਫਿਰ ਭਾਰਤੀ ਟੀਮ ਦੀ ਅਗਵਾਈ ਅਜੀਤਪਾਲ ਨੇ ਹੀ ਕੀਤੀ। ਭਾਰਤ ਨੂੰ ਸਭ ਤੋਂ ਔਖੇ ਪੂਲ ਬੀ ਵਿਚ ਜਰਮਨੀ, ਆਸਟ੍ਰੇਲੀਆ, ਇੰਗਲੈਂਡ, ਅਰਜਨਟਾਈਨਾ ਤੇ ਘਾਨਾ ਨਾਲ ਰੱਖਿਆ ਗਿਆ, ਜਦਕਿ ਪੂਲ ਏ ਵਿਚ ਪਿਛਲੀ ਚੈਂਪੀਅਨ ਹਾਲੈਂਡ, ਪਾਕਿਸਤਾਨ, ਸਪੇਨ, ਨਿਊਜ਼ੀਲੈਂਡ, ਪੋਲੈਂਡ, ਮੇਜ਼ਬਾਨ ਮਲੇਸ਼ੀਆ ਵਰਗੀਆਂ ਟੀਮਾਂ ਸਨ। ਭਾਰਤੀ ਟੀਮ ਦੇ ਕੋਚ ਬਾਬਾ ਗੁਰਚਰਨ ਸਿੰਘ ਬੋਧੀ ਅਤੇ ਮੈਨੇਜਰ ਬਲਬੀਰ ਸਿੰਘ ਸਨ। ਟੀਮ ਮੈਂਬਰਾਂ ਵਿਚ ਕਪਤਾਨ ਅਜੀਤਪਾਲ ਤੋਂ ਇਲਾਵਾ ਅਸ਼ੋਕ ਦੀਵਾਨ, ਮਾਈਕਲ ਕਿੰਡੋ, ਅਸਲਮ ਸ਼ੇਰ ਖਾਨ, ਸੁਰਜੀਤ ਸਿੰਘ ਰੰਧਾਵਾ, ਵਰਿੰਦਰ ਸਿੰਘ, ਓਂਕਾਰ ਸਿੰਘ, ਮਹਿੰਦਰ ਸਿੰਘ ਮੁਣਸ਼ੀ, ਵਿਜੇ ਫਿਲਿਪ, ਕਰਨਲ ਹਰਚਰਨ ਸਿੰਘ, ਕੁਲਵੰਤ ਸਿੰਘ, ਆਰ. ਐਸ. ਪਵਾਰ, ਵੀ. ਪੀ. ਗੋਵਿੰਦਾ, ਅਸ਼ੋਕ ਕੁਮਾਰ ਆਦਿ ਪ੍ਰਮੁੱਖ ਸਨ। ਟੂਰਨਾਮੈਂਟ ਦਾ ਉਦਘਾਟਨੀ ਮੈਚ ਦੋ ਵਿਸ਼ਵ ਚੈਂਪੀਅਨ ਟੀਮਾਂ ਪਾਕਿਸਤਾਨ ਅਤੇ ਹਾਲੈਂਡ ਵਿਚਕਾਰ ਖੇਡਿਆ ਗਿਆ। ਦੋਹੇਂ ਟੀਮਾਂ 3-3 ਗੋਲਾਂ ’ਤੇ ਬਰਾਬਰ ਰਹੀਆਂ। ਦੂਸਰੇ ਪਾਸੇ ਅਰਜਨਟਾਈਨਾ ਨੇ ਆਪਣੇ ਮੁੱਢਲੇ ਮੈਚ ਵਿਚ ਭਾਰਤ ਨੂੰ 2-1 ਨਾਲ ਹਰਾ ਕੇ ਵਿਸ਼ਵ ਕੱਪ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਸਨਸਨੀ ਫੈਲਾ ਦਿੱਤੀ। ਅਗਲੇ ਮੈਚਾਂ ਵਿਚ ਭਾਰਤ ਨੇ ਜਰਮਨੀ ਨੂੰ 3-1 ਨਾਲ, ਇੰਗਲੈਂਡ ਨੂੰ 2-1, ਘਾਨਾ ਨੂੰ 7-0, ਆਸਟ੍ਰੇਲੀਆ ਨਾਲ 1-1 ਗੋਲਾਂ ’ਤੇ ਬਰਾਬਰੀ ਰੱਖ ਕੇ ਲਗਾਤਾਰ ਤੀਸਰੀ ਵਾਰ ਵਿਸ਼ਵ ਕੱਪ ਦਾ ਸੈਮੀਫਾਈਨਲ ਖੇਡਣ ਦਾ ਮਾਣ ਹਾਸਿਲ ਕੀਤਾ। ਸੈਮੀਫਾਈਨਲ ਵਿਚ ਪਹੁੰਚਣ ਵਾਲੇ ਦੂਸਰੀ ਟੀਮ ਇਸ ਪੂਲ ਵਿਚ ਜਰਮਨੀ ਸੀ, ਉਸ ਨੇ ਇੰਗਲੈਂਡ, ਅਰਜਨਟਾਈਨਾ ਤੇ ਘਾਨਾ ਨੂੰ ਬੁਰੀ ਤਰ੍ਹਾਂ ਰੋਲਿਆ। ਇੰਗਲੈਂਡ ਨੇਆਸਟ੍ਰੇਲੀਆ ਨੂੰ 3-1 ਨਾਲ ਹਰਾ ਕੇ ਨਾ ਸਿਰਫ ਭਾਰਤ ਨੂੰ ਸੈਮੀਫਾਈਨਲ ਵਿਚ ਜਗ੍ਹਾ ਦਿਵਾਈ, ਸਗੋਂ ਆਸਟ੍ਰੇਲੀਆ ਦੇ ਸੰਜੋਏ ਸੁਪਨੇ ਚਕਨਾਚੂਰ ਕਰ ਦਿੱਤੇ। ਦੂਸਰੇ ਪੂਲ ਵਿਚ ਪਿਛਲੀ ਚੈਂਪੀਅਨ ਹਾਲੈਂਡ ਦੀ ਹਾਲਤ ਇੰਨੀ ਬੁਰੀ ਹੋਈ ਕਿ ਉਹ ਆਪਣੇ ਸਾਰੇ ਮੈਚ ਹਾਰ ਕੇ ਪੂਲ ਵਿਚ ਫਾਡੀ ਰਿਹਾ। ਜਦਕਿ ਪਾਕਿਸਤਾਨ ਨੇ ਮਲੇਸ਼ੀਆ ਨੂੰ 1-0 ਨਾਲ, ਸਪੇਨ ਨੂੰ 5-0 ਨਾਲ, ਨਿਊਜ਼ੀਲੈਂਡ ਨੂੰ 2-0 ਨਾਲ ਹਰਾਉਣ ਤੋਂ ਬਾਅਦ ਪੋਲੈਂਡ ਅਤੇ ਹਾਲੈਂਡ ਨਾਲ ਮੈਚ ਬਰਾਬਰੀ ਰੱਖ ਕੇ ਆਪਣਾ ਪੂਲ ਟੌਪ ਕੀਤਾ। ਜਦਕਿ ਮਲੇਸ਼ੀਆ ਨੇ ਸਪੇਨ, ਪੋਲੈਂਡ, ਹਾਲੈਂਡ ਵਰਗੀਆਂ ਟੀਮਾਂ ਨੂੰ ਹਰਾ ਕੇ ਪਹਿਲੀ ਵਾਰ ਸੈਮੀਫਾਈਨਲ ਵਿਚ ਪਹੁੰਚਣ ਦਾ ਇਤਿਹਾਸ ਰਚਿਆ। ਇਸ ਤਰ੍ਹਾਂ ਪਹਿਲੇ ਸੈਮੀਫਾਈਨਲ ਵਿਚ ਮੈਚ ਪਾਕਿਸਤਾਨ ਨੇ ਜਰਮਨੀ ਨੂੰ 5-1 ਨਾਲ ਹਰਾ ਕੇ 1972 ਮਿਊਨਿਖ ਉਲੰਪਿਕ ਵਿਚ 2-1 ਗੋਲਾਂ ਦੀ ਮਿਲੀ ਹਾਰ ਦਾ ਬਦਲਾ ਲਿਆ। ਦੂਸਰਾ ਸੈਮੀਫਾਈਨਲ ਮੁਕਾਬਲਾ ਵਿਸ਼ਵ ਕੱਪ ਦੇ ਇਤਿਹਾਸ ਦਾ ਇਕ ਇਤਿਹਾਸਕ ਮੈਚ ਹੋ ਕੇ ਨਿਬੜਿਆ। 40 ਹਜ਼ਾਰ ਦਰਸ਼ਕਾਂ ਦੀ ਸਮਰਥਾ ਵਾਲੇ ਮਰਦੇਕਾ ਸਟੇਡੀਅਮ ਵਿਚ ਮੈਚ ਦੇਖਣ ਲਈ ਦਰਸ਼ਕਾਂ ਦੀ ਇੰਨੀ ਭੀੜ ਸੀ ਕਿ ਉਥੇ ਤਿੱਲ ਸੁੱਟਣ ਜੋਗੀ ਵੀ ਜਗ੍ਹਾ ਨਹੀਂ ਸੀ। ਮਲੇਸ਼ੀਆ ਵਿਚ ਕਿਸੇ ਹਾਕੀ ਮੈਚ ’ਤੇ ਹੁਣ ਤੱਕ ਦਾ ਇਹ ਰਿਕਾਰਡ ’ਕੱਠ ਸੀ। ਮੈਚ ਦੇ 33ਵੇਂ ਮਿੰਟ ਵਿਚ ਮਲੇਸ਼ੀਆ ਦੇ ਤੇਜ਼ ਫਾਰਵਰਡ ਪੂਨ ਫੂਕ ਲੋਕ ਨੇ ਮੈਦਾਨੀ ਗੋਲ ਕਰਕੇ ਭਾਰਤ ਦੇ ਖੇਮੇ ਵਿਚ ਸਨਸਨੀ ਫੈਲਾ ਦਿੱਤੀ। ਇਹ ਗੋਲ ਖਾਣ ਤੋਂ ਬਾਅਦ ਭਾਰਤੀ ਟੀਮ ਥੋੜ੍ਹਾ ਜਿਹਾ ਸੰਭਲੀ। ਦੂਸਰੇ ਹਾਫ਼ ਦੇ ਸ਼ੁਰੂ ਵਿਚ ਹਰਚਰਨ ਅਤੇ ਪਵਾਰ ਦੇ ਤਾਲਮੇਲ ਨਾਲ ਭਾਰਤ ਨੇ ਮੈਦਾਨੀ ਗੋਲ ਕਰਕੇ ਮੈਚ ਬਰਾਬਰੀ ’ਤੇ ਲੈ ਆਂਦਾ। ਭਾਰਤ ਨੇ ਅਜੇ ਮੈਚ ਬਰਾਬਰੀ ਕਰਕੇ ਸੁੱਖ ਦਾ ਸਾਹ ਲਿਆ ਸੀ ਕਿ ਥੋੜ੍ਹੇ ਸਮੇਂ ਬਾਅਦ ਮਲੇਸ਼ੀਆ ਸਮੂ ਗਨਾਂਨਥਨ ਨੇ ਆਪਣੀ ਟੀਮ ਨੂੰ ਪਨੈਲਟੀ ਕਾਰਨਰ ਤੋਂ ਗੋਲ ਕਰਕੇ ਮੁੜ 2-1 ਦੀ ਬੜ੍ਹਤ ਹਾਸਿਲ ਕਰ ਲਈ। ਮਲੇਸ਼ੀਆ ਜਿੱਤ ਦੇ ਕਿਨਾਰੇ ਪੁੱਜ ਚੁੱਕਿਆ ਸੀ। ਹਾਰ ਸਾਹਮਣੇ ਦਿਸਦੀ ਹੋਣ ਕਰਕੇ ਭਾਰਤੀ ਖੇਮੇ ਵਿਚ ਖਲਬਲੀ ਮਚੀ ਪਈ ਸੀ। ਪਰ ਮੈਚ ਸਮਾਪਤੀ ਤੋਂ ਤਿੰਨ ਮਿੰਟ ਪਹਿਲਾਂ 1936 ਉਲੰਪਿਕ ਦੇ ਹੀਰੋ ਧਿਆਨ ਚੰਦ ਦੇ ਪੁੱਤਰ ਅਸ਼ੋਕ ਕੁਮਾਰ ਨੇ ਆਪਣੇ ਹੁਨਰ ਨਾਲ ਭਾਰਤੀ ਟੀਮ ਨੂੰ ਪਨੈਲਟੀ ਕਾਰਨਰ ਦਿਵਾਇਆ। ਜਿਸ ਨੂੰ 1936 ਉਲੰਪਿਕ ਦੇ ਹੀ ਇਕ ਹੋਰ ਹੀਰੋ ਅਹਿਮਦ ਸ਼ੇਰ ਖਾਨ ਦੇ ਬੇਟੇ ਅਸਲਮ ਸ਼ੇਰ ਖਾਨ ਨੇ ਆਪਣਾ ਤਵੀਤ ਚੁੰਮਿਆ ਅਤੇ ਜਬਰਦਸਤ ਹਿੱਟ ਮਾਰ ਕੇ ਗੋਲ ਕਰਕੇ ਮਲੇਸ਼ੀਆ ਦੇ ਫੱਟੇ ਖੜਕਾ ਦਿੱਤੇ ਅਤੇ ਟਰਾਂਜ਼ਿਸਟਰਾਂ ’ਤੇ ਕਮੈਂਟਰੀ ਸੁਣ ਰਹੇ ਭਾਰਤੀ ਹਾਕੀ ਪ੍ਰੇਮੀਆਂ ਨੇ ਭੰਗੜੇ ਪਾਉਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਪੂਰੇ ਸਮੇਂ ਤੱਕ ਦੋਵੇਂ ਟੀਮਾਂ 2-2 ਗੋਲਾਂ ਨਾਲ ਬਰਾਬਰ ਰਹੀਆਂ। ਵਾਧੂ ਸਮੇਂ ਦੀ ਤੀਜੇ ਮਿੰਟ ਵਿਚ ਸੱਜੇ ਪਾਸੇ ਤੋਂ ਫਿਲਿਪ ਦੇ ਮਾਰੇ ਕਰਾਸ ’ਤੇ ਲੈਫਟ ਆਊਟ ਹਰਚਰਨ ਸਿੰਘ ਨੇ ਬਹੁਤ ਹੀ ਕਲਾਸਿਕ ਗੋਲ ਕਰਕੇ ਭਾਰਤ ਦਾ ਫਾਈਨਲ ਵਿਚ ਪੁੱਜਣ ਦਾ ਝੰਡਾ ਗੱਡ ਦਿੱਤਾ। ਮਲੇਸ਼ੀਆ ਦੇ ਵਿਚ ਚੁੱਪ ਵਿਸਰ ਗਈ ਜਦਕਿ ਭਾਰਤ ਦੇ ਵਿਚ ਜਿੱਤ ਦੀ ਕਾਵਾਂ ਰੌਲੀ ਪੈ ਗਈ। ਇਤਿਹਾਸ ਗਵਾਹ ਹੈ ਕਿ ਜਦੋਂ ਅਸਲਮ ਸ਼ੇਰ ਖਾਨ ਨੇ ਬਰਾਬਰੀ ਦਾ ਗੋਲ ਦਾਗਿਆ ਤਾਂ ਉਸ ਵੇਲੇ ਦੇ ਮਲੇਸ਼ੀਆ ਦੇ ਸੁਲਤਾਨ ਦੀ ਬੇਟੀ ਨੇ ਆਖਿਆ ਕਿ ਜੇਕਰ ਮੈਨੂੰ ਇਹ ਪਤਾ ਹੁੰਦਾ ਕਿ ਅਸਲਮ ਸ਼ੇਰ ਖਾਨ ਤੇਰੇ ਕਰਕੇ ਮਲੇਸ਼ੀਆ ਨੇ ਹਾਰਨਾ ਹੈ, ਮੈਂ ਤੁਹਾਨੂੰ ਗੋਲੀ ਮਾਰ ਦਿੰਦੀ। ਭਾਵੇਂ ਉਸ ਲੜਕੀ ਦੀ ਗੱਲ ਇਕ ਮਜ਼ਾਕ ਸੀ, ਪਰ ਇਕ ਆਪਣੇ ਮੁਲਕ ਦੀ ਹਾਰ ਦਾ ਵੱਡਾ ਦੁੱਖ ਉਸਨੂੰ ਲੱਗਿਆ ਸੀ, ਪਰ ਹਾਰਾਂ ਜਿੱਤਾਂ ਤਾਂ ਖੇਡ ਦਾ ਇਕ ਹਿੱਸਾ ਹਨ।


ਅਖੀਰ ਫਾਈਨਲ ਮੁਕਾਬਲਾ ਉਸ ਵੇਲੇ ਦੋ ਦਿੱਗਜ ਹਾਕੀ ਦੇਸ਼ਾਂ ਗੁਆਂਢੀ ਮੁਲਕਾਂ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਇਆ। ਫਾਈਨਲ ਮੈਚ ਤੋਂ ਪਹਿਲਾਂ ਭਾਰਤ ਦੇ ਹਰ ਜਗ੍ਹਾ, ਸਰਕਾਰੀ ਦਫਤਰ, ਸਿਨੇਮਾ ਹਾਲ, ਰੈਸਟੋਰੈਂਟਾਂ, ਕਾਲਜਾਂ ਵਿਚ ਇਕੋ ਚਰਚਾ ਸੀ ਕਿ ਵਿਸ਼ਵ ਚੈਂਪੀਅਨ ਕਿਹੜਾ ਮੁਲਕ ਬਣੇਗਾ। ਉਸ ਸਮੇਂ ਲੋਕਾਂ ਦਾ ਹਾਕੀ ਪ੍ਰਤੀ ਇੰਨਾ ਮੋਹ ਸੀ ਕਿ ਇਸ ਮੈਚ ਵਿਚ ਦੋਹਾਂ ਟੀਮਾਂ ਦੇ ਖਿਡਾਰੀਆਂ ’ਤੇ ਬਹੁਤ ਹੀ ਮਨੋਵਿਗਿਆਨਕ ਦਬਾਅ ਸੀ ਤੇ ਉਹ ਮੈਚ ਤੋਂ ਪਹਿਲਾਂ ਸਾਰੀ ਰਾਤ ਨਾ ਸੁੱਤੇ। ਉਸ ਸਮੇਂ ਦੇ ਖਿਡਾਰੀਆਂ ਦੇ ਦੱਸਣ ਮੁਤਾਬਿਕ ਰਾਤ 1 ਵਜੇ ਪਾਕਿਸਤਾਨ ਫਾਰਵਰਡ ਇਸਲਾਹੂਦੀਨ ਨੇ ਆਪਣੇ ਦੋਸਤ ਭਾਰਤੀ ਫੁੱਲਬੈਕ ਸੁਰਜੀਤ ਸਿੰਘ ਰੰਧਾਵਾ ਨੂੰ ਟੈਲੀਫੋਨ ਕੀਤਾ ਕਿ ’ਕੀ ਗੱਲ ਸੁਰਜੀਤ ਸੁੱਤਾ ਨਹੀਂ?’ ਅੱਗੋਂ ਸੁਰਜੀਤ ਦਾ ਜਵਾਬ ਸੀ, ’ਭਾਅ ਜੀ ਪਤਾ ਨਹੀਂ ਕੀ ਗੱਲ ਹੈ, ਨੀਂਦ ਨਹੀਂ ਆ ਰਹੀ, ਕੱਲ ਵਾਲੇ ਮੈਚ ਦਾ ਖਿਆਲ ਹੀ ਦਿਮਾਗ ਵੀ ਘੁੰਮੀ ਜਾਂਦਾ ਹੈ।’ ਅੱਗੋ ਇਸਲਾਹੂਦੀਨ ਨੇ ਆਖਿਆ ਕਿ ’ਬਸ ਇਹੀ ਗੱਲ ਇਧਰ ਹੈ।’ ਦੋਵੇਂ ਖਿਡਾਰੀਆਂ ਨੇ ਰਾਤ ਕਾਫੀ ਦੇਰ ਤੱਕ ਗਰਾਊਂਡ ਦੇ ਵਿਚ ਆਪਸੀ ਗੱਲਾਂ ਵਿਚ ਇਕ ਦੂਜੇ ਦੀ ਟੀਮ ਦੀਆਂ ਰਣਨੀਤੀ ਦੀਆਂ ਗੱਲਾਂ ਬੁੱਝਣ ਦੀ ਕੋਸ਼ਿਸ਼ ਕੀਤੀ। ਸੁਰਜੀਤ ਨੇ ਗੱਲਾਂਬਾਤਾਂ ਨਾਲ ਇਸਲਾਹੂਦੀਨ ਦੀ ਪਾਕਿਸਤਾਨੀ ਟੀਮ ਨੂੰ ਵਿਸ਼ਵ ਚੈਂਪੀਅਨ ਬਣਾ ਦਿੱਤਾ, ਪਰ ਦੂਜੇ ਦਿਨ ਅਸਲੀ ਨਤੀਜਾ ਕੁਝ ਹੋਰ ਸੀ।

ਮੈਚ ਸ਼ੁਰੂ ਹੋਣ ਤੋਂ ਪਹਿਲਾ ਫੁਲਬੈਕ ਸੁਰਜੀਤ ਸਿੰਘ ਨੇ ਇਕ ਦਾਅ ਵਰਤਿਆ ਕਿ ਪਾਕਿਸਤਾਨ ਜੂਨੀਅਰ ਖਿਡਾਰੀਆਂ ਨੂੰ ਅਜਿਹਾ ਦਬਕਾ ਮਾਰਿਆ ਕਿ ਉਹ ਸੋਚਾ ਵਿਚ ਪੈ ਗਏ, ਕਿ ਉਨ੍ਹਾਂ ਕੋਲੋ ਸੁਰਜੀਤ ਪ੍ਰਤੀ ਪਤਾ ਨਹੀਂ ਕੀ ਕੋਈ ਗੁਸਤਾਖ਼ੀ ਹੋ ਗਈ। ਅਖੀਰ 14 ਮਾਰਚ ਸ਼ਾਮ 5 ਵਜੇ ਭਾਰਤ-ਪਾਕਿਸਤਾਨ ਦੀ ਫੈਸਲਾਕੁੰਨ ਟੱਕਰ ਸ਼ੁਰੂ ਹੋ ਗਈ। ਮੈਚ ਦੇ ਪਹਿਲੇ 17ਵੇਂ ਮਿੰਟ ਵਿਚ ਪਾਕਿਸਤਾਨੀ ਦੇ ਰਾਈਟ ਆਊਟ ਇਸਲਾਹੂਦੀਨ ਦੇ ਕਰਾਸ ’ਤੇ ਰਾਈਟ ਇਨ ਜ਼ਹੀਦ ਨੇ ਮੈਦਾਨੀ ਗੋਲ ਕਰਕੇ ਪਾਕਿਸਤਾਨ ਨੂੰ ਇਕ ਗੋਲ ਨਾਲ ਅੱਗੇ ਕਰ ਦਿੱਤਾ। ਪਾਕਿਸਤਾਨ 1973 ਸੰਸਾਰ ਕੱਪ ਵਾਲੀ ਆਪਣੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ, ਪਰ ਭਾਰਤ ਇਸ ਵਾਰ ਹਰ ਹਾਲਤ ਵਿਚ ਸੰਸਾਰ ਕੱਪ ’ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਬਹੁਤ ਹੀ ਕਲਾਸਿਕ, ਰੋਮਾਂਚਿਕ ਮੈਚ ਵਿਚ ਦੋਹਾਂ ਟੀਮਾਂ ਨੇ ਜਵਾਬੀ ਹਮਲਿਆਂ ਵਾਲੀ ਖੇਡ ਵਿਖਾਈ। ਮੈਚ ਸਮਾਪਤੀ ਤੋਂ 10 ਮਿੰਟ ਪਹਿਲਾਂ ਭਾਰਤ ਨੂੰ ਮਿਲੇ ਪਨੈਲਟੀ ਕਾਰਨਰ ’ਤੇ ਫੁੱਲਬੈਕ ਸੁਰਜੀਤ ਸਿੰਘ ਨੇ ਗੋਲ ਕਰਕੇ ਮੈਚ ਇਕ-ਇਕ ਗੋਲਾਂ ਦੀ ਬਰਾਬਰੀ ’ਤੇ ਲੈ ਆਂਦਾ। ਪਾਕਿਸਤਾਨ ਦੀ ਤੇਜ਼ ਤਰਾਰ ਲੈਫਟ ਆਊਟ ਸਮੀਉਲਾ ਨੂੰ ਮੋਢੇ ਦੀ ਸੱਟ ਕਾਰਨ ਮੈਚ ਤੋਂ ਵੱਖ ਹੋਣਾ ਪਿਆ, ਜਿਸਦਾ ਭਾਰਤ ਨੂੰ ਭਰਪੂਰ ਫਾਇਦਾ ਹੋਇਆ। ਮੈਚ ਸਮਾਪਤੀ ਨੂੰ ਪੰਜ ਮਿੰਟ ਪਹਿਲਾਂ ਮਿਲੇ ਲੌਂਗ ਕਾਰਨਰ ਦੀ ਹਿੱਟ ਤੋਂ ਭਾਰਤ ਦੇ ਤੇਜ਼ ਤਰਾਰ ਰਾਈਟ ਇਨ ਅਸ਼ੋਕ ਕੁਮਾਰ ਨੇ ਵਿਵਾਦਗ੍ਰਸਤ ਗੋਲ ਕਰਕੇ ਭਾਰਤ ਨੂੰ 2-1 ਦੀ ਬੜ੍ਹਤ ਦਿਵਾਈ। ਮਲੇਸ਼ੀਅਨ ਰੈਫਰੀ ਵਿਜੇਨਾਥਨ ਇਕ ਮਿੰਟ ਲਈ ਇਸ ਗੋਲ ਬਾਰੇ ਸੋਚਦਾ ਰਿਹਾ ਕਿ ਉਹ ਭਾਰਤ ਨੂੰ ਪਨੈਲਟੀ ਕਾਰਨਰ ਦੇਵੇ ਜਾਂ ਗੋਲ। ਅਖੀਰ ਉਸ ਗੋਲ ਹੋਣ ਦਾ ਇਸ਼ਾਰਾ ਕਰ ਦਿੱਤਾ। ਪਾਕਿਸਤਾਨੀ ਖਿਡਾਰੀਆਂ ਨੇ ਇਸ ਗੋਲ ਦਾ ਵਿਰੋਧ ਵੀ ਕੀਤਾ, ਪਰ ਨਤੀਜਾ ਬੇਅਰਥ ਸੀ ਅਤੇ ਭਾਰਤ ਪਹਿਲੀ ਵਾਰ ਵਿਸ਼ਵ ਚੈਂਪੀਅਨ ਬਣ ਗਿਆ ਤੇ ਭਾਰਤੀ ਹਾਕੀ ਦਾ ਸਿਤਾਰਾ ਪੂਰੀ ਦੁਨੀਆਂ ਵਿਚ ਚਮਕਿਆ।

ਹਾਲੈਂਡ ਦਾ ਟਾਈਜ਼ ਕਰੂਜ਼ ਤੇ ਪਾਕਿਸਤਾਨ ਦਾ ਮਨਜ਼ੂਰ ਹਸਨ 7-7 ਗੋਲ ਕਰਕੇ ਇਸ ਵਿਸ਼ਵ ਕੱਪ ਦੇ ਸਰਵੋਤਮ ਸਕੋਰਰ ਬਣੇ। ਮੈਚ ਸਮਾਪਤੀ ਤੋਂ ਬਾਅਦ ਜਦੋਂ ਸੁਰਜੀਤ ਪਾਕਿਸਤਾਨੀ ਖਿਡਾਰੀਆਂ ਨੂੰ ਹਾਡਲਕ ਕਹਿਣ ਗਿਆ ਤਾਂ ਪਾਕਿਸਤਾਨ ਦੇ ਜੂਨੀਅਰ ਖਿਡਾਰੀ ਜਿਨ੍ਹਾਂ ਨੂੰ ਸੁਰਜੀਤ ਨੇ ਮੈਚ ਤੋਂ ਪਹਿਲਾ ਦਬਕਾ ਮਾਰਿਆ ਸੀ ਤੇ ਉਨ੍ਹਾਂ ਆਖਿਆ ਕਿ ਸੁਰਜੀਤ ’ਭਾਜੀ’ ਤੁਸੀ ਸਾਨੂੰ ਬੁਰਾ ਭਲਾ ਕਿਉਂ ਬੋਲਿਆ ਤਾਂ ਸੁਰਜੀਤ ਨੇ ਆਖਿਆ ਕਿ ਪਤੰਦਰੋ ਜੇ ਮੈਂ ਤੁਹਾਨੂੰ ਦਬਕਾ ਨਾ ਦਿੰਦਾ ਤੁਸੀ ਸਾਡੀ ਮੈਚ ਵਿਚ ਰੈਲ ਬਣਾਉਣੀ ਸੀ, ਤੇ ਇਹ ਦਬਕਾ ਹੀ ਸਾਨੂੰ ਵਿਸ਼ਵ ਚੈਂਪੀਅਨ ਬਣਾ ਦਿੱਤਾ।

ਇਸ ਜਿੱਤ ਨਾਲ ਭਾਰਤ ਵਿਚ ਭਾਰਤੀਆਂ ਨੇ ਜਿੱਤ ਦੇ ਪੂਰੇ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ, ਉਥੇ ਪਾਕਿਸਤਾਨ ਵਿਚ ਹਾਰ ਦਾ ਮਾਤਮ ਛਾ ਗਿਆ। ਕਪਤਾਨ ਅਜੀਤਪਾਲ ਸਿੰਘ ਦੀ ਚਰਚਾ ਹੋਈ ਤੇ ਭਾਰਤੀ ਟੀਮ ਦਾ ਭਾਰਤ ਪੁੱਜਣ ’ਤੇ ਥਾਂ-ਥਾਂ ਸ਼ਾਨਾਮੱਤਾ ਨਿੱਘਾ ਸਵਾਗਤ ਹੋਇਆ। **(ਚਲਦਾ)**







# ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ
ਧੰਨ ਗੁਰੂ ਨਾਨਕ ਬੋਲ ਸੰਗਤੇ,
ਧੰਨ ਗੂਰੂ ਨਾਨਕ ਬੋਲ।
ਧੰਨ ਧੰਨ ਸਾਡੀ ਕੱਤਕ ਦੀ ਪੁਨਿਆਂ
ਜਦ ਇਹ ਚਾਨਣ ਆਇਆ
ਜਗਤ ਜਲੰਦਾ ਤਾਰਨ ਖਾਤਰ
ਸਤਗੁਰ ਨਾਨਕ ਆਇਆ
ਠਾਰ ਦਿੰਦਾ ਸੀ ਉਹ ਤੱਪਦੇ ਹਿਰਦੇ
ਬੋਲ ਕੇ ਮਿਠੜੇ ਬੋਲ ਸੰਗਤੇ
ਧੰਨ ਗੁਰੂ ਨਾਨਕ ਬੋਲ।
ਨਾਲ ਲੈ ਕੇ ਬਾਲਕਾਂ ਨੂੰ ਖੇਡਣ ਜਦੋਂ ਜਾਵਦਾਂ ਸੇ
ਚੋਜੀਆ ਤੂੰ ਮਿਠੇ ਮਿਠੇ ਚੋਜ ਸੀ ਦਿਖਾਂਵਦਾ
ਇਕ ਸੁਰ ਕਰ ਲਵੇਂ ਸਾਰਿਆਂ ਹੀ ਸਾਥੀਆਂ ਨੂੰ
ਇਕੋ ਸੱਚਾ ਨਾਮ ਸਤਨਾਮ ਸੀ ਜਪਾਂਵਦਾ
ਖੇਡਣ ਵਰੇਸ ਵਿਚ ਖੇਡਦਾ ਨਿਆਰੇ ਖੇਡ
ਰੱਬ ਨਾਲ,ਕਰਦੋਂ ਕਲੋਲ ਸੰਗਤੇ
ਧੰਨ ਗੁਰੂ ਨਾਕ ਬੋਲ
ਪਿਤਾ ਕਾਲੂ ਜਦ ਤੈਨੂੰ ਭੇਜਿਆ ਵਪਾਰ ਤਾਈਂ
ਸੱਚਾ ਸੋਦਾ ਕੀਤਾ ਸੀ ਤੈਂ ਸੱਚ ਦੇ ਵਪਾਰੀਆ
ਭੁਖਿਆਂ ਅਨਾਥਾਂ ਦੀ ਤੈਂ ਭੁੱਖ ਸੀ ਮਿਟਾਏ ਦਿਤੀ
ਗੁਸਾ ਝਲ ਪਿਤਾ ਦਾ ਤੈਂ ਪਰ ਉਪਕਾਰੀਆ
ਤੇਰੇ ਸੱਚੇ ਸੌਦੇ ਸਾਰੇ ਦਿਸਦੇ ਜਹਾਨ ਵਿਚ
ਕੱਲ ਵਾਂਗੂੰ ਖੜੇ ਨੇ ਅਡੋਲ ਸੰਗਤੇ
ਧੰਨ ਗੁਰੂ ਨਾਨਕ ਬੋਲ
ਮੋਦੀ ਖਾਨੇ ਵਿਚ ਜਦੋਂ ਤੋਲਦਾ ਅਨਾਜ ਤਾਈਂ
ਤੇਰਾ ਦੀਆ ਧਾਰਨਾ ਨਾਲ ਤੇਰਾ ਤੇਰਾ ਬੋਲਦਾ
ਤਨ ਮਨ ਜੋੜ ਲਵੇਂ ਆਪਣੇ ਪਿਆਰੇ ਨਾਲ
ਸਭ ਕੁਝ ਤੇਰਾ ਆਖੇਂ ਮੇਰਾ ਭੁਲ ਜਾਂਵਦਾ
ਨਾਮ ਅਤੇ ਦਾਨ ਨਾਲ ਝੋਲੀਆਂ ਸੀ ਭਰੀ ਜਾਂਦਾ
ਬੋਲ ਕੇ ਤੇਰਾ ਤੇਰਾ ਬੋਲ ਸੰਗਤੇ
ਧੰਨ ਗੁਰੂ ਨਾਨਕ ਬੋਲ
ਕਾਂਸ਼ੀ ਜਾ ਕੇ ਪੰਡਤਾਂ ਦੇ ਖੰਡਨ ਪਾਖੰਡ ਕੀਤੇ
ਮੱਕੇ ਜਾ ਕੇ ਮੁਲਾਂ ਜੀ ਦੇ ਬੰਧਨਾ ਨੂੰ ਤੋੜਦਾ
ਰੱਬ ਨਹੀਂ ਜੇ ਵਿਚ ਤਾਗੇ ਰੱਬ ਨਹੀਂ ਜੇ ਨਹੀਂ ਜੇ ਵਿਚ ਕ੍ਹਾਬੇ
ਸਚੇ ਰੱਬ ਨਾਲ ਫੇਰ ਦੁਨੀਆਂ ਨੂੰ ਜੋੜਦਾ
ਸੇਵਾ ਅਤੇ ਭਗਤੀ ਪਿਆਰ ਨਾਲ ਰੱਬ ਮਿਲੇ
ਮਿਲ ਜਾਂਦਾ ਲਈਏ ਜੇ ਟਟੋਲ ਸੰਗਤੇ
ਧੰਨ ਗੁਰੂ ਨਾਨਕ ਬੋਲ
ਕੌਡੇ ਜਿਹੇ ਰਾਖਸ਼ਾਂ ਨੂੰ ਦੇਵਤੇ ਬਣਾਇਆ ਉਹਨੇ
ਭਾਗੋ ਤਾਂਈ ਦਸੇਂ ਹੁੰਦੀ ਧਰਮ ਦੀ ਕਮਾਈ ਕੀ
ਦੁਖੀ ਤੇ ਗਰੀਬਾਂ ਮਜ਼ਲੂਮਾਂ ਨੂੰ ਸੀ ਗਲੇ ਲਾ ਕੇ
ਲਾਲੋ ਤਾਈ ਜਾਕੇ ਜਿਹਨੇ ਦਿਤੀ ਵਡਿਆਈ ਸੀ
ਨਾਮ ਜਪਣ ਅਤੇ ਵੰਡ ਕੇ ਛਕਣ ਵਾਲਾ
ਦਿੰਦਾ ਫਿਰੇਂ ਸਬਕ ਅਨਮੋਲ’ ਸੰਗਤੇ
ਧੰਨ ਗੁਰੂ ਨਾਨਕ ਬੋਲ
ਬਾਬਰ ਦੀਆਂ ਚੱਕੀਆਂ’ਚ ਬਾਬਰੀ ਐਹੰਕਾਰ ਪੀਸੇਂ
ਵੱਡੇ ਵੱਡੇ ਵੱਲੀਆਂ ਦਾ ਤੋੜਦਾ ਐਹੰਕਾਰ ਸੇਂ
ਸਿਧਾਂ ਅਤੇ ਯੋਗੀਆਂ ਦੇ ਮਠਾ ਤੇ ਚਰਨ ਪਾ ਕੇ
ਝੰਡਾ ਇਕ ਖੜਾ ਕਰੇਂ ੴ ਅਕਾਰ ਸੈਂ
ਠੱਗਾਂ ਤਾਈਂ ਵੀ ਸੀ ਸਜਣ ਬਣਾਈ ਜਾਂਦੇ
ਸਤਕਰਤਾਰ ਦੇ ਬੋਲ ਸੰਗਤੇ
ਧੰਨ ਗੁਰੂ ਨਾਨਕ ਬੋਲ
ਪੁਤਰਾਂ ਨੂੰ ਛਡ ਗੱਦੀ ਦਿਤੀ ਸੇਵਾ ਵਾਲਿਆ ਨੂੰ
ਅੰਗ ਲਾ ਕੇ ਲੈਹਣੇ ਤਾਂਈਂ ਅੰਗਦ ਬਣਾ ਦਿਤਾ
ਜ਼ਿਮੇਵਾਰੀਆਂ ਦੀ ਪੰਡ ਰੱਖੀ ਗੁਰੂ ਅੰਗਦ ਸਿਰ
ਦੇਖੋ ਕਿਡਾ ਬਾਬੇ ਨੇ ਸੀ ਕੌਤਕ ਰਚਾ ਦਿਤਾ
ਸਾਂਝੀ ਵਾਲਤਾ ਦਾ ਹੋਕਾ ਦਿਤਾ ਸਾਰੇ ਜਗ
ਵੰਡ ਨਾਮ ਵਾਲੀ ਦਾਤ ਅਨਮੋਲ ਸੰਗਤੇ
ਧੰਨ ਗੁਰੂ ਨਾਨਕ ਬੋਲ।

**ਮੁਹਿੰਦਰ ਸਿੰਘ ਘੱਗ**
(530) 695-1318

# ਆਓ ਦੀਵਾਲੀ ਪ੍ਰਦੂਸ਼ਣ ਰਹਿਤ ਮਨਾਈਏ



ਭੂੰਡ, ਪਟਾਕੇ, ਆਤਿਸ਼ਬਾਜੀ, ਨਾ ਕੋਈ ਬੰਬ ਚਲਾਈਏ।
ਆਓ ਦੀਵਾਲੀ ਇਸ ਵਾਰੀ, ਅਸੀਂ ਪ੍ਰਦੂਸ਼ਣ ਰਹਿਤ ਮਨਾਈਏ।

ਚਲਦੇ ਬੰਬ, ਪਟਾਕੇ ਨੇ ਜਦ, ਸ਼ੋਰ ਬਹੁਤ ਨੇ ਕਰਦੇ।
ਭੋਲੇ-ਭਾਲੇ ਪੰਛੀ ਵਿਚਾਰੇ, ਸੁਣ ਖੜਕਾ ਨੇ ਡਰਦੇ।
ਤੋਤੇ, ਘੁੱਗੀਆਂ, ਚਿੜੀਆਂ ਨੂੰ, ਅਸੀਂ ਵਖਤ ਨਾ ਪਾਈਏ।



ਖੂਨ-ਪਸੀਨੇ ਦੀ ਕਮਾਈ, ਲੋਕ ਭਲਾਈ ਵਿੱਚ ਲਗਾਓ।
ਨਾ ਆਤਿਸ਼ਬਾਜੀਆਂ ਦੇ ਧੂੰਏ, ਵਿੱਚ ਇਸ ਨੂੰ ਉਡਾਓ।
ਵਾਤਾਵਰਨ ਤੇ ਪੈਸਾ, ਆਓ ਦੋਵੇਂ ਅਸੀਂ ਬਚਾਈਏ।

ਬਾਜਾਰ 'ਚ ਸਜੀਆਂ ਹੱਟੀਆਂ 'ਤੋਂ, ਨਾ ਫਾਸਟਫੂਡ ਲਿਆਇਓ।
ਛੱਤੀ ਸੌ ਇਹ ਰੋਗ ਨੇ ਲਾਉਂਦੇ, ਨਾ ਇਹਨਾਂ ਨੂੰ ਖਾਇਓ।
ਘਰ ਵਿੱਚ ਹੀ ਪਕਵਾਨ ਸਦਾ, ਆਪ ਬਣਾਕੇ ਖਾਈਏ।

ਪਹਿਲਾਂ ਵਾਲੀ ਗਲਤੀ, ਇਸ ਵਾਰ ਨਹੀਂ ਹੈ ਕਰਨੀ।
ਜਹਿਰਾਂ ਦੇ ਨਾਲ ਪੌਣ ਵਿਚਾਰੀ, ਨਾ ਹੋਰ ਅਸਾਂ ਨੇ ਭਰਨੀ।
ਵਾਤਾਵਰਨ ਬਚਾਉਣ ਲਈ, ਸਾਰੇ ਯੋਗਦਾਨ ਹੈ ਪਾਈਏ।





-ਤਸਵਿੰਦਰ ਸਿੰਘ ਬੜੈਚ
91-98763-22677

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## Kash FABRICS



### ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA MARKET
## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

## ‘ਪੰਜਾਬੀ ਸੂਬੇ’, ‘ਪੰਜਾਬ ਦਿਵਸ’ ਦੀ 52ਵੀਂ ਵਰ੍ਹੇਗੰਢ ’ਤੇ ਵਿਸ਼ੇਸ਼

# ‘ਪੰਜਾਬੀ ਰਾਜ ਭਾਸ਼ਾ’ ਦੀ ਅਜੋਕੀ ਸਥਿਤੀ ਤੇ ਸਮੱਸਿਆ



ਪ੍ਰੋ: ਐਚ. ਐਲ. ਕਪੂਰ
001- 916- 587-4002

ਬੋਲੀ ਦੀ ਸਮੱਸਿਆ ਕੌਮੀ ਮਹਾਨਤਾ ਰੱਖਦੀ ਹੈ। ਬੋਲੀ ਤੇ ਕੌਮ ਦਾ ਬੜਾ ਨੇੜਲਾ ’ਤੇ ਡੂੰਘਾ ਸਬੰਧ ਹੈ। ਇਹ ਦੋਵੇਂ ਇਕ-ਦੂਜੇ ਦਾ ਅਨਿੱਖੜਵਾਂ ਅੰਗ ਹਨ। ਇੱਥੋਂ ਤੱਕ ਕਿ ਕੋਈ ਕਬੀਲਾ ਜਾਂ ਕੌਮ ਆਪਣੇ ਆਪ ਨੂੰ ਉਨਾ ਚਿਰ ਕੌਮ ਜਾਂ ਕਬੀਲਾ ਅਖਵਾ ਹੀ ਨਹੀਂ ਸਕਦੀ ਜਿੰਨਾ ਚਿਰ ਤੱਕ ਉਸ ਦੀ ਆਪਣੀ ਬੋਲੀ ਨਾ ਹੋਵੇ। ਆਪਣੀ ਪੁਸਤਕ ’ਮਾਰਕਸਵਾਦ ਤੇ ਕੌਮੀ ਸਵਾਲ’ ’ਚ ਸਟਾਲਿਨ ਨੇ ਕੌਮ ਦੀ ਉਪਮਾ ਕਰਦੇ ਹੋਏ ਇਸ ਪ੍ਰਕਾਰ ਕਿਹਾ ਹੈ ’’ਕੌਮ ਇਤਿਹਾਸਕ ਤੌਰ ’ਤੇ ਬੱਝਿਆ ਹੋਇਆ ਉਹ ਕਬੀਲਾ ਹੈ ਜੋ ਭੂਗੋਲਿਕ ਤੇ ਆਰਥਿਕ ਤੌਰ ’ਤੇ ਇਕ ਇਕਾਈ ਵਾਲੇ ਇਲਾਕੇ ਵਿਚ ਵੱਸਦਾ ਹੋਵੇ ਅਤੇ ਜਿਸਦੀ ਸਾਂਝੀ ਸੰ-ਸਕ੍ਰਿਤੀ ਤੇ ਸੱਭਿਆਚਾਰ ਹੋਵੇ। ਜਿਹੜਾ ਕਿ ਉਸ ਦੀ ਸਾਂਝੀ ਬੋਲੀ ਵਿਚੋਂ ਪ੍ਰਗਟ ਹੁੰਦਾ ਹੈ।’’ ਉਪਰੋਕਤ ਉਪਮਾ ਤੋਂ ਇਹ ਸਿੱਟਾ ਭਲੀ-ਭਾਂਤ ਹੀ ਨਿਕਲ ਆਉਂਦਾ ਹੈ ਕਿ ਬੋਲੀ ਦਾ ਸਬੰਧ ਇਕ ਬੰਨੇ ਕਿਸੇ ਕੌਮ ਨਾਲ ਹੈ ਅਤੇ ਦੂਜੇ ਪਾਸੇ ਇਲਾਕਾਈ ਇਕਾਈ ਨਾਲ। ਜਿਹਾ ਕਿ ਇਸ ਦੇ ਨਾਂ ਤੋਂ ਹੀ ਸਿੱਧ ਹੋ ਜਾਂਦਾ ਹੈ। ਪੰਜਾਬੀ ਪੰਜਾਬ ਦੀ ਬੋਲੀ ਹੈ ਅਤੇ ਇਸਦਾ ਸਬੰਧ ਪੰਜਾਬੀ ਕੌਰੂ ਭਾਵ ਪੰਜਾਬੀ ਸਮਾਜ ਨਾਲ ਹੈ।

ਇਸ ਦੇ ਭਾਸ਼ਾਈ ਖੇਤਰ ਵਿਚ ਪਾਕਿਸਤਾਨ ਤੇ ਭਾਰਤੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਦਿੱਲੀ ਤੇ ਚੰਡੀਗੜ੍ਹ ਦੇ ਪੰਜਾਬੀ ਬੋਲਦੇ ਖੇਤਰ ਸ਼ਾਮਲ ਹਨ ਤੇ ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਸ਼ਾਮਲ ਹਨ। ਇਹ ਹਿੰਦੂ, ਸਿੱਖ ਤੇ ਮੁਸਲਮਾਨ ਤਿੰਨੇ ਧਾਰਮਿਕ ਮਾਨਤਾਵਾਂ ਵਾਲੇ ਲੋਕਾਂ ਦੀ ਮਾਂ ਬੋਲੀ ਹੈ। ਪੰਜਾਬੀ ਬੋਲੀ ਦੀ ਅਜੋਕੀ ਸਥਿਤੀ ਤੇ ਸਮੱਸਿਆਵਾਂ ਇਸ ਦੀ ਇਲਾਕਾਈ ਤੇ ਧਾਰਮਿਕ ਪੱਖਾਂ ਨਾਲ ਸਬੰਧਤ ਹੈ। ਪੰਜਾਬੀ ਬੋਲੀ ਦੀ ਸਥਿਤੀ ਨੂੰ ਇਸ ਦੇ ਇਲਾਕਾਈ ਧਾਰਮਿਕ ਤੇ ਵੱਖ-ਵੱਖ ਤਬਕਿਆਂ ਦੇ ਅੰਤਰ-ਵਿਰੋਧਾਂ ਤੇ ਸਾਂਝੇ ਗੁਣਾਂ ਵਿਚੋਂ ਹੀ ਸਮਝਿਆ ਜਾ ਸਕਦਾ ਹੈ। ਬੋਲੀ ਦੀ ਇਹ ਸਮੱਸਿਆ ਬਹੁ-ਧਾਰਮਿਕ ਪੰਜਾਬੀ ਕੌਮੀਅਤ ਦੀ ਚੇਤੰਨਤਾ ਦੇ ਪਿੱਛੇ ਧਾਰਮਿਕ ਵਿਸ਼ਵਾਸ ਤੇ ਭਾਵਨਾਵਾਂ ਵੱਖ-ਵੱਖਰੇ ਢੰਗਾਂ ਨਾਲ ਕਾਰਜਸ਼ੀਲ ਹਨ।

ਪੰਜਾਬ ਦੀ ਇਹ ਇਤਿਹਾਸਕ ਤ੍ਰਾਸਦੀ ਰਹੀ ਹੈ ਕਿ ਪੰਜਾਬ ਭਾਸ਼ਾਈ ਤੇ ਸਾਂਸਕ੍ਰਿਤਕ ਪੱਖੋਂ ਸੁਤੰਤਰ ਰੂਪ ਵਿਚ ਮੌਲ਼ ਨਹੀਂ ਸਕਿਆ। ਪੰਜਾਬੀ ਕੌਮੀਅਤ ਦਾ ਵੱਖਰਾ ਰੂਪ, ਇਸਦੀ ਵੱਖਰੀ ਸੱਭਿਆਚਾਰਕ ਤੇ ਇਸਦੀ ਵੱਖਰੀ ਧਾਰਮਿਕ ਚੇਤੰਨਤਾ 16ਵੀਂ ਤੇ 17ਵੀਂ ਸਦੀ ਵਿਚ ਉਜਾਗਰ ਹੋਈ ਪਰ ਇਸ ਦਾ ਵਿਕਾਸ ਵੱਖੋਂ-ਵੱਖਰੀਆਂ ਧਾਰਮਿਕ ਪ੍ਰੇਰਨਾਵਾਂ ਦੀ ਆਪਸੀ ਵਿਰੋਧਤਾ ਕਾਰਨ ਸੁਤੰਤਰ ਰੂਪ ਵਿਚ ਨਹੀਂ ਹੋਇਆ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਸਮੇਂ ਜਦੋਂ ਕੌਮੀ ਚੇਤੰਨਤਾ ਅਧੀਨ ਪੰਜਾਬੀ ਕੌਮੀਅਤ ਦੇ ਸੁਤੰਤਰ ਰੂਪ ਵਿਚ ਉਜਾਗਰ ਹੋਣ ਦੀਆਂ ਸੰਭਾਵਨਾਵਾਂ ਮੁੜ ਉਜਾਗਰ ਹੋਈਆਂ ਤਾਂ ਵੀ ਅਜਿਹਾ ਨਹੀਂ ਹੋ ਸਕਿਆ ਕਿ ਪੰਜਾਬ ਵਿਚ ਵਸਦੇ ਤਿੰਨੇ ਧਰਮਾਂ ਦੇ ਰਾਜਸੀ ਆਗੂ ਪੰਜਾਬੀ ਨੂੰ ਆਪਣੀ ਭਾਸ਼ਾ ਮੰਨ ਕੇ ਇਕ ਸੁਤੰਤਰ ਪੰਜਾਬੀ ਸੱਭਿਆਚਾਰ ਦੀ ਉਸਾਰੀ ਵੱਲ ਆਪਣੇ ਕਦਮ ਵਧਾਉਂਦੇ। ਇਸ ਮਾਹੌਲ ਵਿਚ ਕੌਮੀ ਚੇਤਨਾ ਦੇ ਜਜ਼ਬੇ ਨੇ ਕੱਟੜ ਧਾਰਮਿਕ ਚੇਤਨਾ ਤੋਂ ਉਪਰ ਉੱਠਣਾ ਸੀ ਤੇ ਇਸਦੇ ਨਾਲ ਰਾਜਸੀ, ਸਮਾਜਿਕ ਤੇ ਧਾਰਮਿਕ ਤਿੰਨੇ ਪੱਧਰਾਂ ਉੱਤੇ ਭਾਇ-ਚਾਰਕ ਭਾਵਨਾ ਦਾ ਮਾਹੌਲ ਬਣਨਾ ਸੀ। ਪਰ ਇਸਦੇ ਉਲਟ ਪੰਜਾਬ ਵਿਚ ਕੌਮੀ ਆਜ਼ਾਦੀ ਦੇ ਇਤਿਹਾਸ ਦਾ ਵੱਡਾ ਹਿੱਸਾ ਆਪੋ-ਆਪਣੇ ਧਾਰਮਿਕ ਖਿੱਤਿਆਂ ਦੇ ਰੂਪ ਵਿਚ ਸਿਰੇ ਚੜ੍ਹਿਆ। ਮੁਸਲਮਾਨ ਲੀਡਰ ’ਮੁਸਲਿਮ ਲੀਗ’ ਦੇ ਪ੍ਰਭਾਵ ਅਧੀਨ ਉਰਦੂ ਨੂੰ ਆਪਣੀ ਮਾਂ ਬੋਲੀ ਮੰਨਦੇ ਰਹੇ ਪਰ ਪੰਜਾਬ ਦਾ ਹਿੰਦੂ ਆਪਣੇ ਧਾਰਮਿਕ ਸੰਸਕਾਰਾਂ ਕਾਰਨ ਹਿੰਦੂ ਸੰਸਕ੍ਰਿਤੀ ਨਾਲ ਜੁੜਿਆ ਰਿਹਾ। ਪੰਜਾਬ ਵਿਚ ’ਆਰੀਆ ਸਮਾਜ’ ਦੇ ਪ੍ਰਭਾਵ ਨਾਲ ਪੰਜਾਬ ਦਾ ਹਿੰਦੂ ਭਾਰਤ ਦੀ ਮਹਾਨ ਸੰਸਕ੍ਰਿਤੀ ਦੇ ਨਾਅਰੇ ਅਧੀਨ ਪੂਰੀ ਤਰ੍ਹਾਂ ਹਿੰਦੀ ਨਾਲ ਜੁੜ ਗਿਆ। ਪੰਜਾਬ ਵਿਚ ਵੱਸਦੀ ਵੱਡੀ ਤੀਜੀ ਕੌਮ ਸਿੱਖ ਸਨ ਤੇ ਹੁਣ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਜ਼ਿੰਮੇਵਾਰੀ ਉਹਨਾਂ ਦੇ ਸਿਰ ਆਣ ਪਈ। ਸਿੱਖਾਂ ਨੇ ਇਸ ਨੂੰ ਪੰਜਾਬੀ ਬੋਲੀ ਨਾਲੋਂ ਵੱਧ ’ਗੁਰਮੁਖੀ’ ਦੇ ਤੌਰ ’ਤੇ ਅਪਣਾਇਆ। ਪੰਜਾਬੀ ਭਾਸ਼ਾ ਨੂੰ ਸਿੱਖ ਧਾਰਮਿਕ ਦਾਇਰਿਆਂ ਵੱਲੋਂ ਪੂਰਨ ਮਾਨਤਾ ਪ੍ਰਾਪਤ ਹੋਣ ਨਾਲ ਹਿੰਦੂ ਤਬਕਾ ਆਪਣੇ ਵੱਖਰੇ ਧਾਰਮਿਕ ਵਿਸ਼ਵਾਸਾਂ ਕਰਕੇ ਪੰਜਾਬੀ ਭਾਸ਼ਾ ਨਾਲੋਂ ਹੋਰ ਵੀ ਨਿਰਮੋਹਾ ਹੋ ਗਿਆ।

1947 ਵਿਚ ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬ ਦੇ ਹਿੰਦੂ ਨੇ ਆਪਣੇ ਆਪ ਨੂੰ ਹਿੰਦੀ, ਹਿੰਦੂ, ਹਿੰਦੁਸਤਾਨ ਦੇ ਦਾਇਰੇ ਵਿਚ ਸੀਮਤ ਕਰ ਲਿਆ। ਇਸ ਦੇ ਫਲਸਰੂਪ ਭਾਰਤ ਦੀ ਸਿੱਖ ਵੱਸੋਂ ਘੱਟ ਗਿਣਤੀ ਵਿਚ ਰਹਿ ਗਈ ਤੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਈ। ਉਹਨਾਂ ਅੰਦਰ ਇਕ ਨਵੇਂ ਡਰ ਨੇ ਜਨਮ ਲਿਆ। ਕੇਂਦਰ ਸਰਕਾਰ ਵਿਚ ਹਿੰਦੂ ਵਿਚਾਰਾਂ ਦਾ ਪ੍ਰਭਾਵ ਹੋਣ ਨਾਲ ਪੰਜਾਬੀ ਨੂੰ ਯੋਗ ਥਾਂ ਨਾ ਮਿਲਿਆ। ਪੰਜਾਬ ਦਾ ਹਿੰਦੂ ਆਤਮਕ ਤੌਰ ’ਤੇ ਪੰਜਾਬੀ ਨਾਲੋਂ ਟੁੱਟ ਗਿਆ। ਭਾਰਤ ਵਿਚ ਸਿੱਖ ਵਸੋਂ ਲਈ ਸਿਰਫ਼ ਦੋ ਰਸਤੇ ਹੀ ਰਹਿ ਗਏ ਸਨ ਜਾਂ ਤਾਂ ਉਹ ਆਪਣੀ ਵੱਖਰੀ ਸਾਂਸਕ੍ਰਿਤਕ ਤੇ ਭਾਸ਼ਾਈ ਹੋਂਦ ਨੂੰ ਖਤਮ ਕਰਕੇ ਹਿੰਦੀ ਨੂੰ ਅਪਣਾ ਲੈਂਦੀ ਜਾਂ ਫਿਰ ਆਪਣੀ ਵੱਖਰੀ ਸਾਂਸਕ੍ਰਿਤਕ ਹੋਂਦ ਨੂੰ ਕਾਇਮ ਰੱਖਣ ਲਈ ਜੂਝਦੀ। ਪਰ ਇਸ ਨੇ ਦੂਸਰਾ ਰਸਤਾ ਸੰਘਰਸ਼ ਦਾ ਅਪਣਾਇਆ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਸੁਤੰਤਰ ਹੋਂਦ ਲਈ ਜਿਹੜਾ ਸੰਘਰਸ਼ ਕੀਤਾ ਗਿਆ, ਉਸ ਦੀ ਅਗਵਾਈ ਧਾਰਮਿਕ ਸਿੱਖ ਆਗੂਆਂ ਖਾਸ ਤੌਰ ’ਤੇ ਅਕਾਲੀ ਪਾਰਟੀ ਦੇ ਹੱਥ ਰਹੀ। ਇਸ ਸੰਘਰਸ਼ ਅਧੀਨ ’ਪੰਜਾਬੀ ਸੂਬੇ’ ਦੀ ਮੰਗ ਸਾਹਮਣੇ ਆਈ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀ ਸੂਬੇ ਦੀ ਸਥਾਪਨਾ ਠੀਕ ਭਾਸ਼ਾਈ ਆਧਾਰ ’ਤੇ ਹੋਣ ਦੀ ਥਾਂ ਇਕ ਤਰ੍ਹਾਂ ਨਾਲ ਸਿੱਖ ਸੂਬੇ ਦੇ ਰੂਪ ਵਿਚ ਹੋਈ। ਪੰਜਾਬੀ ਸੂਬੇ ਵਿਚ ਸਿੱਖ ਬਹੁਗਿਣਤੀ ਦਾ ਫ਼ਾਰਮੂਲਾ ਅਪਣਾਉਣ ਕਰਕੇ ਪੰਜਾਬੀ ਸੂਬੇ ਵਿਚ ਪੰਜਾਬੀ ਬੋਲਦੇ ਇਲਾਕੇ ਸ਼ਾਮਲ ਹੋਣੋਂ ਰਹਿ ਗਏ। ਪੰਜਾਬੀ ਦੀਆਂ ਉਪ ਬੋਲੀਆਂ ਬੋਲਦੇ ਇਲਾਕੇ ਨੂੰ ਗੈਰ ਪੰਜਾਬੀ ਮੰਨ ਕੇ ਹਿਮਾਚਲ ਵਿਚ ਸ਼ਾਮਲ ਕਰ ਦਿੱਤਾ ਗਿਆ। ਇਹ ਸਮੁੱਚੇ ਪੰਜਾਬੀਆਂ ਲਈ ਇਕ ਬਹੁਤ ਵੱਡਾ ਇਤਿਹਾਸਕ ਦੁਖਾਂਤ ਸੀ। ਪਰ ਪੰਜਾਬੀ ਭਾਸ਼ਾ ਦੇ ਅਖੌਤੀ ਰਾਜਨੀਤਿਕ ਸਰਪ੍ਰਸਤਾਂ ਨੂੰ ਇਹੋ ਗੱਲ ਰਾਸ ਆਉਂਦੀ ਸੀ ਤੇ ਇਸ ਨਾਲ ਸਿੱਖ ਵੋਟਾਂ ਦਾ ਇਕ ਵਰਗ ਉਹਨਾਂ ਦੇ ਹੱਥ ਆਉਂਦਾ ਸੀ। ਇਹਨਾਂ ਹਾਲਾਤਾਂ ਵਿਚ ਉਹ ਆਪਣੀ ਰਾਜਨੀਤਿਕ ਤਾਕਤ ਨੂੰ ਵਧੇਰੇ ਸਥਾਈ ਰੂਪ ਵਿਚ ਰੱਖ ਸਕਣ ਦਾ ਸੁਪਨਾ ਦੇਖਦੇ ਸਨ। ਇਸ ਤਰ੍ਹਾਂ ਪੰਜਾਬੀ ਬੋਲੀ ਦਾ ਬਹੁ-ਧਾਰਮਿਕ ਪੰਜਾਬੀ ਕੌਮ ਦੇ ਸਭਿਆਚਾਰ ਦਾ ਸਥਾਈ ਵਸੀਲਾ ਬਣਨਾ ਤਾਂ ਇਕ ਪਾਸੇ ਰਿਹਾ ਸਗੋਂ ਇਸ ਦੇ ਵੱਖੋ-ਵੱਖਰੇ ਭੂਗੋਲਿਕ ਟੋਟਿਆਂ ਵਿਚ ਸਿਮਟ ਜਾਣ ਨਾਲ ਪੰਜਾਬੀ ਦੇ ਵਿਕਾਸ ਦੀਆਂ ਕਈ ਸਮੱਸਿਆਵਾਂ ਪੈਦਾ ਹੋ ਗਈਆਂ। ਮੌਜੂਦਾ ਪੰਜਾਬ ਤੋਂ ਬਾਹਰ ਰਹਿ ਗਈ ਪੰਜਾਬੀ ਬੋਲਦੇ ਇਲਾਕਿਆਂ ਵਿਚ ਪੰਜਾਬੀ ਬੋਲੀ ਨੂੰ ਦੂਜਾ ਦਰਜਾ ਵੀ ਪ੍ਰਾਪਤ ਨਾ ਹੋਇਆ। ਅਜੋਕੇ ਪੰਜਾਬ ਵਿਚ ਵੀ ਪੰਜਾਬੀਅਤ ਦੀ ਚੇਤਨਾ ਸਾਂਝੀ ਕੌਮ ਦੀ ਥਾਂ ਇਕ ਧਾਰਮਿਕ ਚੇਤਨਾ ਦ ਤੌਰ ’ਤੇ ਹੀ ਉਭਰ ਰਹੀ ਹੈ। ਪੰਜਾਬ ਦੇ ਉਪਰਲੇ ਤਬਕੇ ਦਾ ਹਿੰਦੂ ਆਪਣੀ ਮਾਂ ਬੋਲੀ ਪੰਜਾਬੀ ਤੇ ਉਸ ਬੋਲੀ ਵਿਚ ਸੁਰੱਖਿਅਤ ਆਪਣੇ ਸਾਂਸਕ੍ਰਿਤਕ ਵਿਰਸੇ ਤੋਂ ਮੁਨਕਰ ਹੋ ਗਿਆ ਹੈ।

ਅਸਲ ਵਿਚ ਪੰਜਾਬੀ ਭਾਸ਼ਾ ਦੀ ਵੱਡੀ ਸਮੱਸਿਆ ਇਸ ਦੀ ਅਜੋਕੀ ਸਥਿਤੀ ਹੈ। ਇਸ ਨੂੰ ਇਸ ਸਥਿਤੀ ਵਿਚੋਂ ਬਾਹਰ ਕੱਢਣ ਲਈ ਤੇ ਪੰਜਾਬੀ ਕੌਮ ਦੀ ਠੀਕ ਉਸਾਰੀ ਲਈ ਸਾਂਝਾ ਪੰਜਾਬੀਅਤ ਜਜ਼ਬਾ ਹੀ ਕਾਰਗਰ ਸਿੱਧ ਹੋ ਸਕਦਾ ਹੈ। ਪੰਜਾਬੀ ਬੋਲੀ ਦਾ ਭਵਿੱਖ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਪੰਜਾਬ ਦਾ ਹਿੰਦੂ ਆਪਣੀ ਮਾਂ ਬੋਲੀ ਨੂੰ ਅਪਣਾਉਂਦਾ ਹੈ ਜਾਂ ਆਪਣੀ ਅਣਜਾਣਤਾ ਤੇ ਸੰਸਕਾਰਾਂ ਵੱਸ ਹਿੰਦੀ ਨੂੰ ਆਪਣੀ ਭਾਸ਼ਾ ਸਮਝਣ ਦਾ ਭੁਲੇਖਾ ਪਾਲੀ ਜਾਂਦਾ ਹੈ। ਦੂਜੇ ਪਾਸੇ ਇਸਦਾ ਨਿਰਭਰ ਇਸ ਗੱਲ ’ਤੇ ਵੀ ਹੈ ਕਿ ਪੰਜਾਬ ਦੇ ਆਮ ਲੋਕਾਂ ਨੇ ਪੰਜਾਬੀਅਤ ਨੂੰ ਸਿੱਖ ਧਰਮ ਦੇ ਰੂਪ ਵਿਚ ਪਛਾਨਣਾ ਹੈ ਜਾਂ ਧਰਮ ਨਿਰਪੱਖ ਭਾਸ਼ਾਈ ਆਧਾਰ ’ਤੇ ਇਸ ਨੂੰ ਉਸਾਰਦੇ ਹੋਏ ਮੌਕਾਪ੍ਰਸਤ ਸਿਆਸੀ ਰੁਝਾਨਾਂ ਤੋਂ ਮੁਕਤ ਹੋਣਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਖਾਸ ਤੌਰ ’ਤੇ ਸ਼ਹਿਰਾਂ ਵਿਚ ਆਮ ਹਿੰਦੂ ਵੀ ਹਿੰਦੂਤਵ ਦੇ ਜਜ਼ਬਾਤੀ ਰੁਝਾਨ ਵੱਲ ਝੁਕਿਆ ਹੋਇਆ ਹੈ। ਜਿੰਨਾ ਚਿਰ ਪੰਜਾਬ ਦਾ ਇਹ ਹਿੰਦੂ ਤਬਕਾ ਸਮੂਹਿਕ ਤੌਰ ’ਤੇ ਪੰਜਾਬੀ ਨੂੰ ਆਪਣੀ ਮਾਤ ਭਾਸ਼ਾ ਨਹੀਂ ਮੰਨਦਾ ਅਤੇ ਇਸ ਭਾਸ਼ਾ ਰਾਹੀਂ ਪੈਦਾ ਹੋਏ ਸਭਿਆਚਾਰ ਨੂੰ ਅਪਣਾਉਣ ਲਈ ਤਿਆਰ ਨਹੀਂ, ਅਰਥਾਤ ਉਸ ਦੀ ਦਿਲਚਸਪੀ ਪੰਜਾਬੀ ਸਾਹਿਤ, ਪੰਜਾਬੀ ਗੀਤ-ਸੰਗੀਤ ਤੇ ਪੰਜਾਬੀ ਲੋਕਧਾਰਾ ਵਿਚ ਨਹੀਂ, ਉਨਾ ਚਿਰ ਪੰਜਾਬੀ ਬੋਲੀ ਦਾ ਇਕੱਲਾ ਵਾਰਿਸ ਪੰਜਾਬ ਦਾ ਸਿੱਖ ਹੀ ਬਣਿਆ ਰਹੇਗਾ।




ਅਜੋਕੇ ਪੰਜਾਬ ਵਿਚ ਪੰਜਾਬੀ ਦੀ ਸਥਿਤੀ ਦਾ ਦੂਜਾ ਪਹਿਲੂ ਪੰਜਾਬ ਸਰਕਾਰ ਦੀ ਪੰਜਾਬੀ ਬੋਲੀ ਪ੍ਰਤੀ ਨੀਤੀ ਨਾਲ ਜੁੜਿਆ ਹੋਇਆ ਹੈ। ’ਨਵੇਂ ਪੰਜਾਬ’ ਦੇ ਹੋਂਦ ਵਿਚ ਆਉਣ ਤੋਂ ਕੋਈ ਦੋ ਸਾਲ ਬਾਅਦ ਪੰਜਾਬ ਸਰਕਾਰ ਨੇ ਜਨਵਰੀ 1968 ਵਿਚ ’ਰਾਜ ਭਾਸ਼ਾ ਐਕਟ’ ਦੇ ਅਧੀਨ ਪੰਜਾਬੀ ਭਾਸ਼ਾ ਪ੍ਰਤੀ ਆਪਣੀ ਨੀਤੀ ਵਿਚ ਇਕ ਵੱਡੀ ਤਬਦੀਲੀ ਲਿਆਂਦੀ ਸੀ। ਸਰਕਾਰ ਵੱਲੋਂ ਇਕ ਆਦੇਸ਼ ਦੁਆਰਾ ਸਕੱਤਰੇਤ ਤੋਂ ਲੈ ਕੇ ਹੇਠਾਂ ਤੱਕ ਸਾਰੇ ਅਦਾਰਿਆਂ ਵਿਚ ਆਪਣਾ ਕਾਰੋਬਾਰ ਪੰਜਾਬੀ ਭਾਸ਼ਾ ਵਿਚ ਕਰਨ ਲਈ ਹੁਕਮ ਜਾਰੀ ਕੀਤਾ ਗਿਆ ਸੀ। ਇੱਥੇ ਇੰਝ ਲੱਗਦਾ ਸੀ ਕਿ ਪੰਜਾਬੀ ਦੇ ਪ੍ਰਸਿੱਧ ਕਵੀ ਫਿਰੋਜਦੀਨ ਸਰਫ ਦਾ ਸੁਪਨਾ ਸਾਕਾਰ ਹੋ ਗਿਆ ਜੋ ਉਹਨਾਂ ਨੇ ਕਿਹਾ ਸੀ ਕਿ:

ਰਾਣੀ ਬਣਕੇ ਤਖਤ ਹੰਢਾਵੇ, ਘਰ ਆਪਣੇ ਦਾ ਰਾਜ
ਤੂੰ ਪਾਵੇਂ।
ਸਰਫ ਮਿਲੇ ਤੈਨੂੰ ਖੁਸ਼ੀ ਮਨਾਵੇਂ, ਸੁੱਖ ਦੇਵੇ ਤੈਨੂੰ ਦਾਤਾ।
ਤੇਰੀ ਜੈ! ਪੰਜਾਬੀ ਮਾਤਾ! ਤੇਰੀ ਜੈ! ਪੰਜਾਬੀ ਮਾਤਾ।

ਰਾਜ ਭਾਸ਼ਾ ਐਕਟ ਦੇ ਹੋਂਦ ਵਿਚ ਆਉਣ ਨਾਲ ਪੰਜਾਬੀ ਦੇ ਵਿਕਾਸ ਵਿਚ ਥੋੜ੍ਹੀ ਹਿੱਲਜੁਲ ਜ਼ਰੂਰ ਹੋਈ ਸੀ ਪਰ ਹੌਲੀ-ਹੌਲੀ ਗੱਲ ਉਥੇ ਪਹੁੰਚ ਗਈ, ਜਿੱਥੋਂ ਇਹ ਚੱਲੀ ਸੀ। ਵਿਦਵਾਨਾਂ ਦੇ ਸਰਵੇ ਦੱਸਦੇ ਹਨ ਕਿ ਬਹੁਤੀਆਂ ਸੰਸਥਾਵਾਂ ਪੰਜਾਬ ਸਰਕਾਰ ਦੀ ਐਲਾਨ ਕੀਤੀ ਦਫ਼ਤਰੀ ਭਾਸ਼ਾ ਦੀ ਨੀਤੀ ’ਤੇ ਅਮਲ ਨਹੀਂ ਕਰਦੀਆਂ। ਇਸ ਨੀਤੀ ’ਤੇ ਅਮਲ ਕਰਾਉਣ ਲਈ ਜ਼ਰਾ ਸਖ਼ਤੀ ਦੀ ਜ਼ਰੂਰਤ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ ਦੀਆਂ ਤਿੰਨੇ ਯੂਨੀਵਰਸਿਟੀਆਂ, ਪੰਜਾਬ ਯੂਨੀਵਰਸਿਟੀ, ਜਿਸਦਾ ਬਹੁਤਾ ਮਾਲੀ ਬੋਝ ਪੰਜਾਬ ਸਰਕਾਰ ਉੱਤੇ ਹੈ, ਇਸਦੇ ਇਹਨਾਂ ਨਾਲ ਸਬੰਧਤ ਸਕੂਲਾਂ-ਕਾਲਜਾਂ ਵਿਚ ਵੀ ਪੰਜਾਬੀ ਸਿੱਖਿਆ ਤੇ ਸਿਲੇਬਸਾਂ ਦਾ ਜੋ ਹਾਲ ਹੈ ਕਿ ਪੰਜਾਬੀ ਨਾਲ ਦੂਜੇ ਦਰਜੇ ਦੀ ਭਾਸ਼ਾ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਹੈ। ਸਕੂਲਾਂ ਵਿਚ ਜਿੱਥੇ ਕਿ ਬੱਚੇ ਦੀ ਭਾਸ਼ਾਈ ਸਮਰੱਥਾ ਦੀ ਨੀਂਹ ਰੱਖੀ ਜਾਣੀ ਹੁੰਦੀ ਹੈ, ਪੰਜਾਬੀ ਦੀ ਦੁਰਦਸ਼ਾ ਦੇਖਣ ਵਾਲੀ ਹੁੰਦੀ ਹੈ। ਖਾਸ ਤੌਰ ’ਤੇ ਪ੍ਰਾਈਵੇਟ ਪਬਲਿਕ ਤੇ ਮਾਡਲ ਸਕੂਲ ਜੋ ਵਿਉਪਾਰਕ ਅਦਾਰੇ ਜ਼ਿਆਦਾ ਤੇ ਵਿੱਦਿਆ ਦੇ ਮੰਦਰ ਘੱਟ ਹਨ, ਵਿਚ ਪੰਜਾਬੀ ਭਾਸ਼ਾ ਦਾ ਬੜਾ ਮੰਦਾ ਹਾਲ ਹੈ। ਕਈ ਸਕੂਲ ਤਾਂ ਪੰਜਾਬੀ ਭਾਸ਼ਾ ਦਾ ਵਿਸ਼ਾ ਪੜ੍ਹਾਉਂਦੇ ਹੀ ਨਹੀਂ, ਸਿਰਫ਼ ਅੰਗਰੇਜ਼ੀ ’ਤੇ ਹੀ ਜੋਰ ਦਿੰਦੇ ਹਨ। ਇਹਨਾਂ ਦੇ ਮੁਕਾਬਲੇ ’ਚ ਸਰਕਾਰੀ ਸਕੂਲਾਂ ਦਾ ਪੱਧਰ ਤਾਂ ਬਹੁਤ ਨੀਵਾਂ ਡਿੱਗ ਗਿਆ ਹੈ। ਸਿਰਫ਼ ਸਰਕਾਰੀ ਵਜ਼ੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਹੀ ਇਹਨਾਂ ਸਕੂਲਾਂ ਵਿਚ ਦਾਖਲਾ ਲੈਂਦੇ ਹਨ। ਸਕੂਲਾਂ ਵਿਚ ਗਿਣਤੀ ਬਹੁਤ ਘੱਟ ਗਈ ਹੈ ਤੇ ਜੋ ਮਾਪੇ ਜ਼ਿਆਦਾ ਫੀਸਾਂ ਦੇ ਸਕਦੇ ਹਨ ਤੇ ਆਰਥਿਕ ਤੌਰ ’ਤੇ ਤਕੜੇ ਹਨ, ਉਹ ਸਰਕਾਰੀ ਸਕੂਲਾਂ ਵਿਚ ਆਪਣੇ ਬੱਚੇ ਹੀ ਨਹੀਂ ਪੜ੍ਹਾਉਂਦੇ ਜਦੋਂ ਕਿ ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਨਾਲੋਂ ਵੱਧ ਪੜ੍ਹੇ-ਲਿਖੇ ਤੇ ਟ੍ਰੇਂਡ ਅਧਿਆਪਕ ਹਨ। ਸਰਕਾਰੀ ਅਦਾਰਿਆਂ ਦੇ ਅਧਿਆਪਕਾਂ ਦਾ ਪੱਧਰ ਵੀ ਬਹੁਤ ਨੀਵਾਂ ਚਲਾ ਗਿਆ। ਅਧਿਆਪਕਾਂ ਦੀ ਪੜ੍ਹਾਉਣ ਵੱਲ ਰੁਚੀ ਘੱਟ ਗਈ ਹੈ। ਇਸ ਨੂੰ ਸੁਧਾਰਨ ਦੀ ਲੋੜ ਹੈ। ਦਿੱਲੀ ਦੇ ਸਰਕਾਰੀ ਸਕੂਲਾਂ ਨੇ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾ ਦਿੱਤੀ ਹੈ। ਸਰਕਾਰ ਚਾਹੇ ਤਾਂ ਪੰਜਾਬ ਦੇ ਸਕੂਲਾਂ ਦੀ ਹਾਲਤ ਵੀ ਪੁਰਾਣੇ ਪੱਧਰ ’ਤੇ ਲਿਆਂਦੀ ਜਾ ਸਕਦੀ ਹੈ। ਅਧਿਆਪਕਾਂ ਨੂੰ ਪੂਰੀ ਤਨਖਾਹ ਮਿਲੇ ਤੇ ਨਤੀਜਾ ਮਾੜਾ ਆਉਣ ’ਤੇ ਅਧਿਆਪਕਾਂ ਤੇ ਸਕੂਲ ਮੁਖੀਆਂ ਦੀ ਜ਼ਿੰਮੇਵਾਰੀ ਤਹਿ ਕੀਤੀ ਜਾਵੇ ਤਾਂ ਹੀ ਸਰਕਾਰੀ ਸਕੂਲਾਂ ਦੇ ਵਿੱਦਿਆ ਦਾ ਮਿਆਰ ਉੱਚਾ ਕੀਤਾ ਜਾ ਸਕਦਾ ਹੈ।

ਯੂਨੀਵਰਸਿਟੀ ਤੇ ਹੋਰ ਅਦਾਰਿਆਂ ਵਿਚ ਤਕਨੀਕੀ ਤੇ ਹੋਰ ਵਿਸ਼ਿਆਂ ਲਈ ਪੰਜਾਬੀ ਨੂੰ ਸੁਯੋਗ ਮਾਧਿਅਮ ਬਣ-ਾਉਣ ਬਾਰੇ ਵਿਉਂਤਬੱਧ ਕਾਰਜ ਦੀ ਅਜੇ ਵੀ ਬੜੀ ਘਾਟ ਹੈ। ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧਕੀ ਕੰਮਾਂ ਵਿਚ ਪੰਜਾਬੀ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ। ਸਾਰਾ ਕੰਮ ਅੰਗਰੇਜ਼ੀ ਵਿਚ ਹੀ ਹੁੰਦਾ ਹੈ। ਸੈਮੀਨਾਰਾਂ ਤੇ ਗੋਸ਼ਟੀਆਂ ਵਿਚ ਪਰਚੇ ਅੰਗਰੇਜ਼ੀ ਵਿਚ ਹੀ ਪੜ੍ਹੇ ਜਾਂਦੇ ਹਨ। ਕਰਮਚਾਰੀਆਂ ਦੀ ਛੁੱਟੀ ਲਈ ਅਰਜ਼ੀਆਂ ਅੰਗਰੇਜ਼ੀ ਵਿਚ ਹੀ ਹੁੰਦੀਆਂ ਹਨ, ਜਿਹੜੀਆਂ ਕਿ ‘ਆਈ ਬੈਂਗ ਟੂ ਸਟੇਟ ਵੈਟ’ ਦੀ ਦਾਸ ਭਾਵਨਾ ਨਾਲ ਸ਼ੁਰੂ ਹੁੰਦੀਆਂ ਹਨ। ਦਫ਼ਤਰੀ ਫਾਇਲਾਂ ’ਤੇ ਟਿੱਪਣੀਆਂ ਵੀ ਅੰਗਰੇਜ਼ੀ ਵਿਚ ਹੀ ਹੁੰਦੀਆਂ ਹਨ।

ਰੇਡੀਓ ਤੇ ਟੀ. ਵੀ. ਉੱਤੇ ਪੰਜਾਬੀ ਬੋਲੀ ਦੀ ਜੜ੍ਹ ਪੁੱਟੀ ਜਾ ਰਹੀ ਹੈ, ਉਸਦਾ ਚਰਚਾ ਅਸੀਂ ਰੋਜ਼ ਅਖ਼ਬਾਰਾਂ ਵਿਚ ਪੜ੍ਹਦੇ ਹਾਂ। ਇਹਨਾਂ ਹਾਲਤਾਂ ਵਿਚ ਅਸੀਂ ਦੇਖਦੇ ਹਾਂ ਕਿ ਪੰਜਾਬੀ ਦੇ ਰਾਜ ਭਾਸ਼ਾ ਹੋਣ ਦਾ ਭੁਲੇਖਾ ਪੈ ਜਾਣਾ ਕੁਦਰਤੀ ਜਾਪਦਾ ਹੈ। ਅਸੀਂ ਅਜੇ ਤੱਕ ਅੰਗਰੇਜ਼ੀ ਭਾਸ਼ਾ ਦੇ ਸਾਮਰਾਜ ਦੀ ਗੁਲਾਮੀ ਬੜੇ ਮਾਣ ਨਾਲ ਹੰਢਾ ਰਹੇ ਹਾਂ। ਅੰਗਰੇਜ਼ੀ ਦਾ ਜੂਲਾ ਲਾਹ ਕੇ ਪੰਜਾਬੀ ਨੂੰ ਪੰਜਾਬੀ ਕੌਮ ਦੀ ਭਾਸ਼ਾ ਵਜੋਂ ਵਿਕਸਤ ਕਰਨ ਦੀ ਥਾਂ ਹਿੰਦੀ ਨੂੰ ਲੱਦਣ ਦੀਆਂ ਵਿਉਂਤਾਂ ਹੋਂਦ ਵਿਚ ਆ ਚੁੱਕੀਆਂ ਹਨ।

ਹਿੰਦੀ ਨੂੰ ਭਾਰਤ ਦੀਆਂ ਵੱਖ-ਵੱਖ ਕੌਮਾਂ ਨੂੰ ਜੋੜਨ ਲਈ ਇੱਕ ਸੰਪਰਕ ਭਾਸ਼ਾ ਮੰਨਣ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ। ਪਰ ਕਿਸੇ ਕੌਮ ਲਈ ਲਕੀਰ ਪਾ ਕੇ ਜਾਂ ਉਸ ਨੂੰ ਦਬਾਅ ਕੇ ਉਸ ਉੱਤੇ ਕੋਈ ਭਾਸ਼ਾ ਲੱਦੀ ਨਹੀਂ ਜਾਣੀ ਚਾਹੀਦੀ।

ਅੱਜ ਦੀ ਸਾਹਿਤਕ ਪੰਜਾਬੀ ਕੀ ਹੈ ਤੇ ਇਹ ਕੀ ਹੋਣੀ ਚਾਹੀਦੀ ਹੈ? ਪੰਜਾਬੀ ਅਲੋਚਨਾ ਦੀ ਭਾਸ਼ਾ ਕਿਹੋ ਜਿਹੀ ਹੋਵੇ? ਵੱਖ-ਵੱਖ ਵਿਸ਼ਿਆਂ ਲਈ ਤਕਨੀਕੀ ਸ਼ਬਦਾਵਲੀ ਕਿੱਥੋਂ ਲਈ ਜਾਵੇ? ਸ਼ਬਦ ਜੋੜਾਂ ਦੇ ਮਸਲੇ ਨੂੰ ਕਿਵੇਂ ਹੱਲ ਕੀਤਾ ਜਾਵੇ? ਪੰਜਾਬੀ ਦੀ ਪ੍ਰਮਾਣਿਕ ਵਿਆਕਰਣ ਦੀ ਲੋੜ ਨੂੰ ਕਿਵੇਂ ਪੂਰਾ ਕੀਤਾ ਜਾਵੇ? ਪੰਜਾਬੀ ਉਪ-ਭਾਸ਼ਾਵਾਂ ਦੀ ਖੋਜ ਕਰਕੇ ਉਹਨਾਂ ਦੇ ਕੋਸ਼ ਕਿਵੇਂ ਤਿਆਰ ਕੀਤੇ ਜਾਣ? ਪੰਜਾਬ ਦੀ ਮੱਧਕਾਲੀਨ ਸੰਸਕ੍ਰਿਤੀ ਨਾਲ ਸਬੰਧਤ ਤੇ ਅਲੋਪ ਹੋ ਰਹੀ ਲੋਕ ਧਾਰਾ ਨੂੰ ਸਾਂਭਣ ਦੇ ਯਤਨ ਕਿਵੇਂ ਹੋਣ? ਇਸ ਤਰ੍ਹਾਂ ਦੇ ਅਨੇਕਾਂ ਸਵਾਲ ਹਨ ਜੋ ਅਜੋਕੀ ਪੰਜਾਬੀ ਦੀਆਂ ਅਨੇਕਾਂ ਸਮੱਸਿਆਵਾਂ ਵੱਲ ਰਾਹ ਖੋਲ੍ਹਦੇ ਹਨ। ਇਹਨਾਂ ਸਵਾਲਾਂ ਨੂੰ ਸਮਝਣਾ ਤੇ ਵਿਚਾਰਨਾ ਬੜਾ ਜ਼ਰੂਰੀ ਹੈ। ਪੰਜਾਬੀ ਕੌਮੀਅਤ ਨੂੰ ਸਮਝਣਾ ਬੜਾ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਦੇ ਲੱਚਰਤਾ ਵੱਲ ਵੱਧ ਰਹੇ ਮੁਹਾਣ ਨੂੰ ਵੀ ਠੱਲ੍ਹ ਪਾਉਣ ਦੀ ਲੋੜ ਹੈ ਕਿਉਂਕਿ ਲੋਕ ਸੱਭਿਆਚਾਰ ਅਤੇ ਭਾਸ਼ਾ ਇਕੱਠੇ ਹੀ ਜਨਮਦੇ, ਵਿਗਸਦੇ ਤੇ ਪ੍ਰਵਾਨ ਚੜ੍ਹਦੇ ਹਨ।

ਇਸ ਸੰਕਟ ਦਾ ਸਬੰਧ ਪੰਜਾਬੀ ਕੌਮ ਦੇ ਇਤਿਹਾਸ ਅਤੇ ਅੱਜ ਦੀ ਰਾਜਨੀਤੀ ਨਾਲ ਹੈ। ਇਹਨਾਂ ਸਭ ਸਮੱਸਿਆਵਾਂ ਨੂੰ ਸ਼ੁੱਧ ਭਾਸ਼ਾ ਵਿਗਿਆਨਕ ਯਤਨਾਂ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਇਹਨਾਂ ਨੂੰ ਸੁਲਝਾਉਣਾ ਕਿਸੇ ਵਕਤੀ ਭਾਵੁਕ ਵੇਗ, ਨਾਅਰੇਬਾਜ਼ੀ ਜਾਂ ਮੌਕਾਪ੍ਰਸਤ ਸਿਆਸਤ ਦੇ ਵੱਸ ਦਾ ਰੋਗ ਨਹੀਂ ਹੈ। ਸਗੋਂ ਪੰਜਾਬੀ ਸਭਿਆਚਾਰ ਨਾਲ ਲਗਾਓ ਰੱਖਣ ਵਾਲੇ ਪੰਜਾਬੀ ਬੁੱਧੀਮਾਨਾਂ ਦੇ ਲਗਾਤਾਰ ਯਤਨਾਂ ਤੇ ਪੰਜਾਬੀ ਬੋਲਦੀ ਲੋਕਾਈ ਦੇ ਚੇਤੰਨ ਰਾਜਨੀਤਿਕ ਸੰਘਰਸ਼ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਹੈ। ਇਹ ਕਾਰਜ ਇੱਕੋ ਸਮੇਂ ਬੌਧਿਕ, ਸਭਿਆਚਾਰਕ ਤੇ ਰਾਜਨੀਤਿਕ ਤਿੰਨਾਂ ਪਹਿਲੂਆਂ ਉੱਤੇ ਆਰੰਭਿਆ ਜਾਣਾ ਚਾਹੀਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਈਆਂ ਅੰਤਰ ਰਾਸ਼ਟਰੀ ਪੰਜਾਬੀ ਤੇ ਰਾਸ਼ਟਰੀ ਪੱਧਰ ਤੇ ਹੋਈਆਂ ’ਪੰਜਾਬੀ ਵਿਕਾਸ ਕਾਨਫਰੰਸਾਂ’ ਵਿਚ ਸਮੇਂ-ਸਮੇਂ ’ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੁਝ ਸੁਝਾਅ ਦਿੱਤੇ ਜਾਂਦੇ ਰਹੇ ਹਨ, ਜਿਵੇਂ ‘ਪੰਜਾਬੀ ਲੇਖਕ ਕਲੱਬ’ ਦੀ ਸਥਾਪਨਾ ਵਿਦੇਸ਼ੀ ਤੇ ਦੇਸੀ ਪੰਜਾਬੀ ਲੇਖਕਾਂ ਦੇ ਸਹਿਯੋਗ ਨਾਲ ਕੀਤੀ ਜਾਵੇ। ਜਿਹੜੀ ਪੰਜਾਬੀ ਭਾਸ਼ਾ ਦੇ ਸਰਵ-ਪੱਖੀ ਵਿਕਾਸ ਲਈ ਕੰਮ ਕਰੇ। ਇੱਕ ਲਾਇਬ੍ਰੇਰੀ ਦੀ ਸਥਾਪਨਾ ਵੀ ਕੀਤੀ ਜਾਵੇ ਜਿਸ ਦੀ ਪੱਧਰ ’ਤੇ ਕਾਰਗੁਜ਼ਾਰੀ ਬਰਤਾਨੀਆ ਵਿਖੇ ਸਥਿਤ ਅਜਾਇਬ ਘਰ ਵਰਗੀ ਹੋਵੇ ਤੇ ਜਿੱਥੇ ਇੱਕੋ ਸਮੇਂ ਬੈਠ ਕੇ ਪੰਜਾਬੀ ਵਿਦਵਾਨ ਤੇ ਬੁੱਧੀਜੀਵੀ ਪੰਜਾਬੀ ਦੇ ਵਿਕਾਸ ਲਈ ਯਤਨ ਕਰ ਸਕਣ ਤੇ ਉਥੋਂ ਲੋੜੀਂਦੀ ਸਮੱਗਰੀ ਵੀ ਪ੍ਰਾਪਤ ਕਰ ਸਕਣ। ਦਿੱਲੀ, ਹਰਿਆਣਾ, ਹਿਮਾਚਲ ਤੇ ਜੰਮੂ-ਕਸ਼ਮੀਰ ਰਾਜਾਂ ਵਿਚ ਪੰਜਾਬੀ ਨੂੰ ਉਸ ਦਾ ਯੋਗ ਸਥਾਨ ਦਿੱਤਾ ਜਾਵੇ। ਇਹਨਾਂ ਦਿਸ਼ਾਵਾਂ ਵੱਲ ਪੰਜਾਬੀ ਯੂਨੀਵਰਸਿਟੀ ਨੇ ਆਪਣੇ ਕਾਫੀ ਸਮੇਂ ਤੋਂ ਕਾਰਜ ਸ਼ੁਰੂ ਕੀਤੇ ਹੋਏ ਹਨ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬੜਾ ਸ਼ਲਾਘਾਯੋਗ ਕੀਤਾ ਜਾ ਰਿਹਾ ਹੈ ਤੇ ਅਸੀਂ ਹੋਰ ਉਮੀਦ ਕਰਦੇ ਹਾਂ ਕਿ ਉਹ ਇਸ ਨੂੰ ਸਿਖਰਾਂ ’ਤੇ ਪਹੁੰਚਾਵੇ। ਪੰਜਾਬ ਸਕੂਲ ਸਿੱਖਿਆ ਬੋਰਡ, ਸਿੱਖਿਆ ਵਿਭਾਗ ਪੰਜਾਬ ਤੇ ਪੰਜਾਬ ਸਰਕਾਰ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਤੇ ਭਾਸ਼ਾ ਅਧਿਆਪਕਾਂ ਦੀ ਰੁਚੀ ਨੂੰ ਪ੍ਰਫੁੱਲਿਤ ਕਰਨ ਵੱਲ ਉਚੇਚਾ ਧਿਆਨ ਦੇਵੇ ਤੇ ਨਾਲ ਹੀ ਭਾਸ਼ਾ ਅਧਿਆਪਕਾਂ ਦੀ ਪਦ ਉਨਤੀ ਕਰਕੇ ਤੇ ਉਹਨਾਂ ਦਾ ਸਨਮਾਨ ਕਰਕੇ ਉਨ੍ਹਾਂ ਨੂੰ ਭਾਸ਼ਾ ਦੇ ਵਿਕਾਸ ਲਈ ਉਤਸ਼ਾਹਿਤ ਕਰੇ। ਪੰਜਾਬੀ ਦੇ ਵਿਕਾਸ ਲਈ ਇੱਕ ਕੇਂਦਰੀ ਸੰਪਰਕ ਅਦਾਰਾ ਬਣਾਇਆ ਜਾਵੇ। ਕੁਝ ਅਧਿਆਪਕਾਂ ਨੂੰ ਇਸ ਤਰ੍ਹਾਂ ਸਿੱਖਿਅਤ ਕਰੇ ਜੋ ਵਿਦੇਸ਼ਾਂ ’ਚ ਜਾ ਕੇ ਉਥੇ ਰਹਿੰਦੇ ਪੰਜਾਬੀਆਂ ਨੂੰ ਵਿਗਿਆਨਕ ਲੀਹਾਂ ’ਤੇ ਪੰਜਾਬੀ ਤੇ ਪੰਜਾਬੀ ਸਭਿਆਚਾਰ ਦੀ ਸਿੱਖਿਆ ਦੇ ਸਕਣ।

ਪੰਜਾਬ ਸਰਕਾਰ ਹੋਰ ਵੱਧ ਸਨਮਾਨਾਂ ਰਾਹੀਂ ਪੰਜਾਬੀ ਦੇ ਵਿਦਵਾਨਾਂ ਨੂੰ ਉਤਸ਼ਾਹਿਤ ਕਰੇ ਤਾਂ ਜੋ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਹੋਰ ਚਾਰ ਚੰਨ ਲੱਗ ਸਕਣ। ’ਰਾਜ ਭਾਸ਼ਾ ਐਕਟ’ ਦੇ ਅਧੀਨ ਪੰਜਾਬ ਸਰਕਾਰ ਇਹ ਯਕੀਨੀ ਬਣਾਵੇ ਕਿ ਅੱਗੇ ਤੋਂ ਪੰਜਾਬ ਅਸੈਂਬਲੀ ਵਿਚ ਸਾਰੇ ਬਿਲ ਪੰਜਾਬੀ ਭਾਸ਼ਾ ਵਿਚ ਲਿਆਂਦੇ ਜਾਣ।

ਦਿੱਲੀ ਰਾਜ ਵਿਚ ਬਣੀ ਸਰਕਾਰ ਨੇ ਤੇ ਹਰਿਆਣਾ ਦੀ ਸਰਕਾਰ ਨੇ ਆਪਣੇ ਰਾਜਾਂ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਤੇ ਯੋਗ ਸਥਾਨ ਲਈ ਪੰਜਾਬੀ ਭਾਸ਼ਾ ਨੂੰ ਰਾਜ ਦੀ ਦੂਜੀ ਭਾਸ਼ਾ ਦਾ ਦਰਜਾ ਵੀ ਦੇ ਦਿੱਤਾ ਹੈ। ਇਹ ਇੱਕ ਸ਼ਲਾਘਾਯੋਗ ਕਦਮ ਹੈ। ਸਮੁੱਚੇ ਤੌਰ ’ਤੇ ਇਹ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਬੋਲੀ ਦੀ ਅਜੋਕੀ ਸਮੱਸਿਆ ਨੂੰ ਹੱਲ ਕਰਨ ਲਈ ਪੰਜਾਬੀ ਕੌਮੀਅਤ ਨੂੰ ਧਰਮ ਨਿਰਪੱਖ ਆਧਾਰ ਉੱਤੇ ਉਸਾਰਨ ਦੇ ਹਾਲਾਤ ਪੈਦਾ ਕੀਤੇ ਜਾਣ ਤੇ ਪੰਜਾਬੀ ਭਾਸ਼ਾਈ ਪੁਨਰਗਠਨ ਲਈ ਨੇਕ ਨੀਅਤੀ ਨਾਲ ਹੰਭਲਾ ਮਾਰਿਆ ਜਾਵੇ। ਹਰ ਪੰਜਾਬੀ ਨੂੰ ਹਿੰਦੀ ਕੇਵਲ ਇੱਕ ਸੰਪਰਕ ਤੇ ਰਾਸ਼ਟਰੀ ਭਾਸ਼ਾ ਦੇ ਤੌਰ ’ਤੇ ਲਾਗੂ ਕਰਨ ਲਈ ਰਜ਼ਾਮੰਦ ਹੋਣਾ ਚਾਹੀਦਾ ਹੈ। ਅੰਗਰੇਜ਼ੀ ਭਾਸ਼ਾ ਨੂੰ ਇੱਕ ਅੰਤਰ ਰਾਸ਼ਟਰੀ ਭਾਸ਼ਾ ਦੇ ਤੌਰ ’ਤੇ ਲਾਗੂ ਕਰਨ ਲਈ ਰਜ਼ਾਮੰਦ ਹੋਣਾ ਚਾਹੀਦਾ ਹੈ। ਅੰਗਰੇਜ਼ੀ ਭਾਸ਼ਾ ਨੂੰ ਇੱਕ ਅੰਤਰ ਰਾਸ਼ਟਰੀ ਸੰਪਰਕ ਭਾਸ਼ਾ ਵਜੋਂ ਪੜ੍ਹਾਇਆ ਜਾਵੇ ਤੇ ਵੱਡੇ-ਵੱਡੇ ਕਿੱਤਾ ਮੁਖੀ ਕੋਰਸ ਦੀਆਂ ਕਿਤਾਬਾਂ ਦਾ ਅੰਗਰੇਜ਼ੀ ਤੋਂ ਅਨੁਵਾਦ ਕਰਕੇ ਪੰਜਾਬੀ ਵਿਚ ਛਪਵਾਇਆ ਜਾਵੇ ਤਾਂ ਕਿ ਵਿਦਿਆਰਥੀ ਪੂਰੀ ਡੂੰਘਾਈ ਨਾਲ ਉਸ ਕੋਰਸ ਨੂੰ ਆਪਣੀ ਮਾਤ-ਭਾਸ਼ਾ ’ਚ ਆਸਾਨੀ ਨਾਲ ਸਮਝ ਸਕਣ ਤੇ ਆਪਣੇ ਰੁਜ਼ਗਾਰ ’ਚ ਉਹ ਕਾਮਯਾਬੀ ਹਾਸਲ ਕਰ ਸਕਣ। ਅਸੀਂ ਜਿਆਦਾ ਗਿਆਨਵਾਨ ਆਪਣੀ ਮਾਤ ਭਾਸ਼ਾ ਵਿਚ ਹੀ ਹੋ ਸਕਦੇ ਹਾਂ। ਅੱਜ ਦੁਨੀਆਂ ਦੇ ਤਰੱਕੀਯਾਫ਼ਤਾ ਮੁਲਕਾਂ ਨੇ ਆਪਣੀਆਂ ਸਥਾਨਕ ਭਾਸ਼ਾਵਾਂ ਨੂੰ ਹੀ ਸਿੱਖਿਆ ਦਾ ਮਾਧਿਅਮ ਬਣਾ ਕੇ ਤਰੱਕੀ ਕੀਤੀ ਹੈ। ਪੰਜਾਬ ਵਿਚੋਂ ਅੰਗਰੇਜ਼ੀ ਸਾਮਰਾਜ ਨੂੰ ਖਤਮ ਕਰਨ ਲਈ ਤੇ ਪੰਜਾਬ ਵਿਚ ਅੰਗਰੇਜ਼ੀ ਦੇ ਨਾਂ ਥੱਲੇ ਖੁੱਲ੍ਹੀਆਂ ਵੱਡੀਆਂ-ਵੱਡੀਆਂ ਦੁਕਾਨਾਂ ਨੂੰ ਠੱਲ੍ਹ ਪਾਉਣ ਲਈ ਹਰ ਪੰਜਾਬੀ ਨੂੰ ਇੱਕ ਝੰਡੇ ਥੱਲੇ ਲਾਮਬੰਦ ਹੋ ਕੇ ਪੰਜਾਬ ਅੰਦਰ ਪੰਜਾਬੀ ਦਾ ਬੋਲਬਾਲਾ ਹੋਵੇ ਤੇ ਇਹ ਹਰ ਜਗ੍ਹਾ ਲਾਗੂ ਹੋਵੇ, ਲਈ ਹੰਭਲਾ ਮਾਰਨਾ ਚਾਹੀਦਾ ਹੈ। ਇਸ ਲਈ ਕਈ ਨੌਜ਼ਵਾਨਾਂ ਦੀਆਂ ਜਥੇਬੰਦੀਆਂ ਤੇ ਸਾਹਿਤਕ ਸਭਾਵਾਂ ਉੱਦਮ ਕਰ ਰਹੀਆਂ ਹਨ ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ’ਪੰਜਾਬ ਦਿਵਸ’ ਦੀ 52ਵੀਂ ਵਰ੍ਹੇਗੰਢ ’ਤੇ ਇਹ ਪ੍ਰਣ ਕਰੀਏ ਕਿ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਹਿੱਤ ਲਈ ਸਥਾਪਤ ਹੋਏ ਪੰਜਾਬ ਲਈ ਪੰਜਾ-ਬੀਆਂ ਦੀਆਂ ਇਹ ਆਸਾਂ ਪੂਰੀਆਂ ਕਰਾਉਣ ਲਈ ਸੁਹਿਰਦ ਯਤਨ ਕਰੀਏ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਲੰਮੇ ਸੰਘਰਸ਼ ਮਗਰੋਂ ਬਣੇ ਪੰਜਾਬ ’ਚ ਪੰਜਾਬੀਆਂ ਨੂੰ ਅੱਜ ਆਪਣੀ ਮਾਤ ਭਾਸ਼ਾ ਲਾਗੂ ਕਰਾਉਣ ਲਈ ਹੀ ਲੜਾਈ ਲੜਨੀ ਪੈ ਰਹੀ ਹੈ। ਮਾਤ ਭਾਸ਼ਾ ਨੂੰ ਵਿਸਾਰਨਾ ਰਾਸ਼ਟਰੀ ਆਤਮ ਹੱਤਿਆ ਦੇ ਸਮਾਨ ਮੰਨਿਆ ਜਾਂਦਾ ਹੈ। ਪੰਜਾਬ ਦੀ 52ਵੀ੍ਹ ਵਰ੍ਹੇਗੰਢ ਦੇ ਦਿਵਸ ’ਤੇ ਸਮੁੱਚੇ ਪੰਜਾਬੀਆਂ ਨੂੰ ਬਹੁਤ-ਬਹੁਤ ਮੁਬਾਰਕ।




# Thinking of Buying or Selling Houses or Businesses within Sacramento to Bay Area?

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




3 Bed Rooms, 2.0 Full Baths
1, 145 sq. ft.
Listing Price: $ 349,000




4 Bed Rooms, 2 Full Baths
1,596 sq ft
Lot size: 6,098
Listing Price: $279,900




3 Bed Rooms / 2 Full Baths
Sqft 1118
lot size 9148
Listing Price: $299,000




4 Bed Rooms, 4 Bath Rooms
Sq Ft: 2612
Lot Sz: 0.1934ac*
Listing Price $629,000




4 Bed Rooms, 2 Bath Rooms
Sq Ft: 1118
Lot Sz: 6970sqft
Listing Price: $299,000




3-4 Bed Rooms, 2.0 Full Baths
1,492 sq ft
Lot size: 6,469
Listing Price: $299,000




5 Bed Rooms, 2.5 Full Baths
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 Bed Rooms, 1 Full Bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 149,000




BERKSHIRE HATHAWAY Home Services

# Buying or Selling Hotels and Gas Stations? Call Now- 916-271-5404

# OFFICE: 7412 ELSIE AVE., SACRAMENTO, CA 95828





ਮੱਖਣ ਸਿੰਘ ਬੈਂਸ

ਬੰਦੀ- ਛੋੜ ਦਿਵਸ ਦੀ
ਦੇਸ਼-ਵਿਦੇਸ਼ ਵਿਚ ਵੱਸਦੀਆਂ
ਗੁਰੂ ਨਾਨਕ ਨਾਮ ਲੇਵਾ
ਸਿੱਖ ਸੰਗਤਾਂ ਅਤੇ
ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈ



ਗਿਆਨੀ ਰਵਿੰਦਰ ਸਿੰਘ


# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com